# ਖ਼ਿਲਾਫ਼ਤ ਦਾ ਵੱਡਮੁੱਲ੍ਹਾ ਸਥਾਨ, ਉਸ ਦੀਆਂ ਬਰਕਤਾਂ, ਖ਼ਲੀਫ਼ਾ ਨਾਲ ਪ੍ਰੇਮ ਦਾ ਪ੍ਰਗਟਾਵਾ ਅਤੇ ਉਸ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ

**ਪ੍ਰਕਾਸ਼ਕ**

**ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**



# ਖ਼ਿਲਾਫ਼ਤ ਦਾ ਵੱਡਮੁੱਲ੍ਹਾ ਸਥਾਨ, ਉਸ ਦੀਆਂ ਬਰਕਤਾਂ, ਖ਼ਲੀਫ਼ਾ ਨਾਲ ਪ੍ਰੇਮ ਦਾ ਪ੍ਰਗਟਾਵਾ ਅਤੇ ਉਸ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ

**ਪ੍ਰਕਾਸ਼ਕ**

**ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

# ਖ਼ਿਲਾਫ਼ਤ ਦਾ ਵੱਡਮੁੱਲ੍ਹਾ ਸਥਾਨ, ਉਸ ਦੀਆਂ ਬਰਕਤਾਂ, ਖ਼ਲੀਫ਼ਾ ਨਾਲ ਪ੍ਰੇਮ ਦਾ ਪ੍ਰਗਟਾਵਾ ਅਤੇ ਉਸ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ


| | | |
|---|---|---|
| ਸੰਕਲਨ : | : | ਮੌਲਵੀ ਸੱਯਦ ਆਫਤਾਬ ਅਹਮਦ ਨੱਯਰ,<br>ਮੌਲਵੀ ਮੁਹੱਮਦ ਆਰਿਫ਼ ਰੱਬਾਨੀ |
| ਅਨੁਵਾਦ ਅਤੇ ਕੰਪੋਜ਼ਿੰਗ | : | ਐਮ.ਐਮ ਤੱਯਬ (ਐਮ.ਏ) |
| ਸੰਸਕਰਣ ਪਹਿਲਾ | : | ਸਤੰਬਰ 2024 |
| ਗਿਣਤੀ | : | 500 |
| ਪ੍ਰਕਾਸ਼ਕ | : | ਨਜ਼ਾਰਤ ਨਸ਼ਰੋ ਇਸ਼ਾਅਤ<br>ਸਦਰ ਅੰਜੁਮਨ ਅਹਮਦੀਆ<br>ਕਾਦੀਆਂ, ਗੁਰਦਾਸਪੁਰ, ਪੰਜਾਬ, ਭਾਰਤ |
| ਪ੍ਰੈਸ | : | ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ |


## Khilafat Ka Azimush Shan Maqam-o-Martaba, Is Ki Barakat, Khalifa-e-Waqt Ki Mahabbat-o-Ita'at Aur Hamari Zimmadarian


| | | |
|---|---|---|
| Compiled By | : | Syed Aftab Ahmad,<br>Mohammad Arif Rabbani |
| Translated By | : | M.M Tayyab (M.A) |
| First Edition | : | Sep 2024 |
| Copies | : | 500 |
| Published By | : | Nazarat Nashr-o-Ishat<br>Sadr Anjuman Ahmadiyya<br>Qadian, Gurdaspur, Punjab, India |
| Printed At | : | Fazle Umar Printing Press Qadian |

# ਮੁੱਖ ਬੰਦ

ਅਹਮਦੀਆ ਮੁਸਲਿਮ ਜਮਾਅਤ ਨੂੰ ਇਹ ਮਾਣ ਪ੍ਰਾਪਤ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਗਰੋਂ ਅਹਮਦੀਆ ਮੁਸਲਿਮ ਜਮਾਅਤ ਵਿੱਚ 116 ਸਾਲਾਂ ਤੋਂ ਖ਼ਿਲਾਫ਼ਤ ਦਾ ਨਿਜ਼ਾਮ ਜਾਰੀ ਹੈ। ਇਹ ਅਹਮਦੀਆ ਮੁਸਲਿਮ ਜਮਾਅਤ ਉੱਤੇ ਰੱਬ ਦੀ ਅਪਾਰ ਕਿਰਪਾ ਹੈ। ਅੱਜ ਦੁਨੀਆਂ ਇਸ ਮਾਣ ਤੋਂ ਵਾਂਝੀ ਹੈ ਅਤੇ ਇਸ ਨੂੰ ਕਾਯਮ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਪਰ ਹਜ਼ਾਰਾਂ ਸੰਸਾਰਿਕ ਯਤਨਾਂ ਮਗਰੋਂ ਵੀ ਇਸ ਵਿਵਸਥਾ ਨੂੰ ਉਦੋਂ ਤੱਕ ਜਾਰੀ ਨਹੀਂ ਕੀਤਾ ਜਾ ਸਕਦਾ। ਜੱਦ ਤੱਕ ਰੱਬ ਆਪ ਇਸ ਨੂੰ ਜਾਰੀ ਨ ਕਰੇ।

ਜਮਾਅਤ ਅਹਮਦੀਆ ਰੱਬ ਦੀ ਮਿਹਰ ਨਾਲ ਉਹ ਮੁਬਾਰਕ ਜਮਾਅਤ ਹੈ। ਜਿਸ ਵਿੱਚ ਰੱਬ ਨੇ ਇਹ ਨਿਜ਼ਾਮ ਜਾਰੀ ਕੀਤਾ ਹੈ। ਜਿਸ ਰਾਹੀਂ ਜਮਾਅਤੀ ਸਿੱਖਿਆ ਅਤੇ ਸਿੱਖਲਾਈ ਦੇ ਨਾਲ ਨਾਲ ਆਧੁਨਿਕ ਮਾਧਿਅਮ ਰਾਹੀਂ ਪ੍ਰਕਾਸ਼ਨ ਅਤੇ ਪ੍ਰਸਾਰਨ ਦਾ ਕੰਮ ਬਿਜਲੀ ਦੀ ਗਤੀ ਨਾਲ ਹੋ ਰਿਹਾ ਹੈ ॥

ਸੋ, ਖ਼ਿਲਾਫ਼ਤ ਦੀ ਮਹੱਤਤਾ ਅਤੇ ਉਸ ਦੀਆਂ ਬਰਕਤਾਂ ਨੂੰ ਧਿਆਨ ਵਿੱਚ ਰੱਖ ਕੇ ਜਮਾਅਤ ਦੇ ਮਿੱਤਰਾਂ ਨੂੰ ਇਸ ਸੰਬੰਧੀ ਉਹਨਾਂ ਦੀਆਂ ਜ਼ਿੰਮੇਦਾਰੀਆਂ ਤੋਂ ਜਾਣੂ ਕਰਵਾਉਣ ਲਈ ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ ਨੇ ਹਜ਼ੂਰੇ ਅਨਵਰ ਤੋਂ ਪ੍ਰਵਾਨਿਤ ਮਜਲਿਸ ਸ਼ੂਰਾ 2015 ਦੇ ਪ੍ਰਸਤਾਵ ਦੀ ਸਮੀਖਿਆ ਅਧੀਨ ਕਿਤਾਬ ਖ਼ਿਲਾਫ਼ਤ ਦਾ ਵੱਡਮੁੱਲ੍ਹਾ ਸਥਾਨ, ਉਸ ਦੀਆਂ ਬਰਕਤਾਂ, ਖ਼ਲੀਫ਼ਾ ਨਾਲ ਪ੍ਰੇਮ ਦਾ ਪ੍ਰਗਟਾਵਾ ਅਤੇ ਉਸ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਕਰਨ ਦਾ ਮਾਣ ਪ੍ਰਾਪਤ ਕਰ ਰਹੀ ਹੈ। ਇਸ ਕਿਤਾਬ ਦੀ ਤਰਤੀਬ ਅਤੇ ਸੰਕਲਨ ਦਾ ਸਹਿਰਾ ਸਤਿਕਾਰਯੋਗ ਮੌਲਵੀ ਸੱਯਦ ਆਫ਼ਤਾਬ ਅਹਮਦ ਨੱਯਰ ਸਾਹਿਬ ਅਤੇ ਮਾਣਯੋਗ ਮੌਲਵੀ ਮੁਹੰਮਦ ਆਰਿਫ਼ ਰੱਬਾਨੀ ਸਾਹਿਬ ਦੇ ਸਿਰ ਜਾਂਦਾ ਹੈ। ਇਹ ਪੁਸਤਕ ਸੱਯਦਨਾ ਹਜ਼ੂਰੇ ਅਨਵਰ ਦੀ ਆਗਿਆ ਨਾਲ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਰੱਬ ਇਸ ਨੂੰ ਹਰ ਪੱਖੋਂ ਬਰਕਤ ਬਖ਼ਸ਼ੇ। ਆਮੀਨ

## ਜਾਣ-ਪਛਾਣ

ਮਨੁੱਖ ਜਾਤੀ ਦੇ ਜਨਮ ਦੇ ਉਦੇਸ਼ ਨੂੰ ਪੂਰਾ ਕਰਨ ਲਈ, ਰੱਬ ਨੇ ਪੈਗੰਬਰਾਂ ਦਾ ਸਿਲਸਿਲਾ ਜਾਰੀ ਕੀਤਾ। ਸੋ, ਸਰਵ ਸ਼ਕਤੀਮਾਨ ਰੱਬ ਦੇ ਨਬੀ ਹਰ ਯੁੱਗ ਵਿੱਚ ਆਉਂਦੇ ਰਹੇ। ਇਹਨਾਂ ਨੂੰ ਰੱਬ ਦਾ ਖ਼ਲੀਫ਼ਾ ਕਿਹਾ ਜਾਂਦਾ ਹੈ ਉਹਨਾਂ ਨੇ ਮਨੁੱਖ ਨੂੰ ਸਿੱਧੇ ਰਾਹ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਲੰਬੇ ਸੰਘਰਸ਼ ਮਗਰੋਂ, ਰੱਬ ਦੇ ਇਹ ਪੈਗੰਬਰ, ਇੱਕ ਇਲਾਹੀ ਜਮਾਅਤ ਦੀ ਸਥਾਪਨਾ ਕਰਕੇ ਅਤੇ ਮਨੁੱਖਤਾ ਦੀਆਂ ਮੰਗਾਂ ਅਧੀਨ ਹੋਰ ਮਨੁੱਖਾਂ ਵਾਂਗ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਕੇ ਆਪਣੇ ਅਸਲ ਮਾਲਿਕ ਕੋਲ ਚਲੇ ਗਏ। ਇੰਨਾ-ਲਿੱਲਾ-ਹੀ ਵ ਇੰਨਾਂ-ਇਲਾਏਹੇ ਰਾਜੇਊਨ ਅਰਥਾਤ ਅਸੀਂ ਰੱਬ ਦੇ ਹਾਂ ਅਤੇ ਅਸੀਂ ਉਸ ਵੱਲ੍ਹ ਹੀ ਮੁੜਾਂਗੇ

ਇਹ ਵੀ ਇੱਕ ਸੱਚਾਈ ਹੈ ਕਿ ਪੈਗੰਬਰਾਂ ਦੀ ਮੌਤ ਉੱਤੇ, ਉਹਨਾਂ ਦੇ ਪੈਰੋਕਾਰਾਂ ਦਾ ਸਮੂਹ ਜਿਉਂਦੇ ਜੀ ਮਰ ਜਾਂਦਾ ਹੈ। ਉਹਨਾਂ ਦੀ ਹਾਲਤ ਬਦਲ ਜਾਂਦੀ ਹੈ। ਦੁਸ਼ਮਨ ਉਹਨਾਂ ਦੀ ਬੇਵੱਸ ਜਾਪਦੀ ਸਥਿਤੀ ਨੂੰ ਵੇਖ ਕੇ ਨਗਾੜ੍ਹੇ ਵਜਾਂਦੇ ਹਨ। ਅਜਿਹੀ ਸਥਿਤੀ ਵਿੱਚ ਰੱਬ ਉਸ ਕੌਮ ਨੂੰ ਬੇਸਹਾਰਾ ਨਹੀਂ ਛੱਡਦਾ। ਸਗੋਂ ਉਸ ਦੀ ਨਿਗਰਾਨੀ ਕਰਦੇ ਹੋਏ ਜਾਣ ਵਾਲੇ ਦਾ ਇੱਕ ਨੁਮਾਇੰਦਾ ਅਤੇ ਉੱਪ ਨਿੱਯੁਕਤ ਕਰਦਾ ਹੈ। ਜੋ ਡਿੱਗਦੀ ਹੋਈ ਕੌਮ ਦੀ ਵਾਗਡੋਰ ਸਾਂਭ ਲੈਂਦਾ ਹੈ। ਫ਼ਿਰ ਹੌਲੀ-ਹੌਲੀ ਇਹ ਜਮਾਅਤ ਆਪਣੇ ਕੰਮਾਂ ਅਤੇ ਮਿਸ਼ਨ ਨੂੰ ਪੂਰਾ ਕਰਨ ਵੱਲ੍ਹ ਵੱਧਦੀ ਹੈ। ਸੋ, ਰੱਬ ਦੀ ਇਹ ਸੁਨੰਤ, ਉਸ ਦੇ ਪਿਆਰੇ ਨਬੀ ਸੱਲਲਾਹੁ ਅਲੈਹਿ ਵਸਲੱਮ ਨਾਲ ਵੀ ਪੂਰੀ ਹੋਈ। ਆਪ ਸੱਲਲਾਹੁ ਅਲੈਹਿ ਵਸਲੱਮ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅੱਲਾਹ ਅੰਨਹੁ ਨੂੰ ਨਿੱਯੁਕਤ ਕੀਤਾ ਗਿਆ ਅਤੇ ਖਿਲਾਫ਼ਤੇ ਰਾਸ਼ਦਹ ਦੀ ਸਥਾਪਨਾ ਹੋਈ। ਇਹ ਖ਼ਿਲਾਫ਼ਤੇ ਰਾਸ਼ਦਹ 30 ਸਾਲ ਤੱਕ ਚਲਦੀ ਰਹੀ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀ ਅਨੁਸਾਰ ਖ਼ਿਲਾਫ਼ਤੇ ਰਾਸ਼ਦਹ ਦਾ ਇਹ ਸਿਲਸਿਲਾ ਕਯਾਮਤ ਤੱਕ ਲਈ ਰੁੱਕ ਗਿਆ। ਰੱਬ ਅਤੇ ਉਸ ਦੇ ਪੈਗ਼ੰਬਰ ਸੱਲਲਾਹੁ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਅਤੇ ਵਚਨਾਂ ਅਨੁਸਾਰ ਅੰਤਿਮ ਜ਼ਮਾਨੇ ਵਿੱਚ ਖਿਲਾਫ਼ਤੇ

ਰਾਸ਼ਦਹ ਦੀ ਮੁੜ੍ਹ ਸਥਾਪਨਾ ਹੋਣ ਵਾਲੀ ਸੀ। ਇਸ ਸੰਖੇਪ ਦਾ ਵਿਸਥਾਰ ਪੂਰਵਕ ਵਰਣਨ ਇਸ ਪ੍ਰਕਾਰ ਹੈ ਕਿ ਜੱਦ ਸੂਰਾਤੁੱਲ ਜੁਮਆ ਦੀ ਇਹ ਆਇਤਾਂ ਨਾਜ਼ਲ ਹੋਈ ਕਿ

هُوَالَّذِیْ بَعَثَ فِی الْاُمِّیّٖنَ رَسُوْلًا مِّنْهُمْ یَتْلُوْا عَلَیْهِمْ اٰیٰتِهٖ وَیُزَکِّیْهِمْ
وَیُعَلِّمُهُمُ الْکِتٰبَ وَالْحِکْمَةَ ق وَاِنْ کَانُوْا مِنْ قَبْلُ لَفِیْ ضَلٰلٍ مُّبِیْنٍ۔
وَّاٰخَرِیْنَ مِنْهُمْ لَمَّا یَلْحَقُوْا بِهِمْ

(ਸੂਰਾਤੁੱਲ ਜੁਮਆ 62:3-4)

ਭਾਵ, ਰੱਬ ਨੇ ਅਰਬਾਂ ਵਿੱਚ ਉਹਨਾਂ ਵਿੱਚੋਂ ਹੀ ਇੱਕ ਰਸੂਲ ਭੇਜਿਆ ਹੈ। ਜੋ ਉਹਨਾਂ ਨੂੰ ਰੱਬ ਦੀਆਂ ਆਇਤਾਂ ਸੁਣਾਉਂਦਾ ਹੈ ਅਤੇ ਉਹਨਾਂ ਨੂੰ ਪਵਿੱਤਰ ਬਣਾਉਂਦਾ ਹੈ ਅਤੇ ਉਹਨਾਂ ਨੂੰ ਕਿਤਾਬ ਅਤੇ ਹਿਕਮਤ ਸਿਖਾਉਂਦਾ ਹੈ। ਇਸ ਤੋਂ ਪਹਿਲਾਂ ਉਹ ਖੁੱਲ੍ਹੇ ਭੁਲੇਖੇ ਵਿੱਚ ਪਏ ਹੋਏ ਸਨ ਅਤੇ ਉਹਨਾਂ ਨਾਲ ਇੱਕ ਹੋਰ ਜਮਾਅਤ ਹੈ। ਜਿਸ ਨੂੰ ਸਾਡਾ ਇਹ ਰਸੂਲ (ਆਪਣੇ ਪਰਛਾਵੇਂ ਅਤੇ ਪ੍ਰਤੀਕ ਰਾਹੀਂ) ਸਿੱਖਲਾਈ ਦੇਵੇਗਾ। ਪਰ ਇਹ ਜਮਾਅਤ ਹਾਲੇ ਸੰਸਾਰ ਵਿੱਚ ਪ੍ਰਗਟ ਹੋ ਕੇ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਦੀ ਜਮਾਅਤ ਨਾਲ ਨਹੀਂ ਮਿਲੀ ਹੈ। ਪਰ ਭਵਿੱਖ ਵਿੱਚ ਇੱਕ ਜ਼ਮਾਨੇ ਵਿੱਚ ਜ਼ਰੂਰ ਪ੍ਰਗਟ ਹੋ ਜਾਵੇਗੀ

ਸਹਾਬਾ ਰਜ਼ੀ ਅੱਲਾਹ ਅੰਨਹੁਮਾ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੂੰ ਪੁੱਛਿਆ ਕਿ ਉਹ ਲੋਕ ਕੌਣ ਹੋਣਗੇ। ਜਿਨ੍ਹਾਂ ਵਿੱਚ ਤੁਹਾਨੂੰ ਫ਼ਿਰ (ਪਰਛਾਵੇਂ ਅਤੇ ਪ੍ਰਤੀਕ ਦੇ ਰੰਗ ਵਿੱਚ) ਭੇਜਿਆ ਜਾਵੇਗਾ ਤਾਂ ਆਪ ਸੱਲਲਾਹੁ ਅਲੈਹਿ ਵਸਲੱਮ ਨੇ ਆਪਣਾ ਹੱਥ ਹਜ਼ਰਤ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੁ ਉੱਤੇ ਰੱਖਿਆ। ਜੋ ਉਸ ਸਮੇਂ ਉੱਥੇ ਮੌਜੂਦ ਸਨ ਅਤੇ ਫ਼ਰਮਾਇਆ ਕਿ

لَوْ کَانَ الْاِیْمَانُ عِنْدَ الثُّرَیَّا لَنَالَهٗ رَجُلٌ مِنْ هٰؤُلَاءِ

(ਬੁਖਾਰੀ ਕਿਤਾਬੁੱਤਫ਼ਸੀਰ ਬਾਬ ਤਫ਼ਸੀਰ ਸੂਰਾਤੁੱਲ ਜੁਮਆ)

ਭਾਵ, ਜੇਕਰ ਕਦੇ ਇਮਾਨ ਅਰਥਾਤ ਵਿਸ਼ਵਾਸ ਸੰਸਾਰ ਤੋਂ ਅਲੋਪ ਹੋ ਗਿਆ ਅਤੇ ਸੁਰੱਯਾ ਤਾਰੇ ਤੱਕ ਵੀ ਚਲਾ ਗਿਆ ਤਾਂ ਇਹਨਾਂ ਅਹਲੇ

ਫ਼ਾਰਸ ਵਿੱਚੋਂ ਇੱਕ ਵਿਅਕਤੀ ਉਸ ਨੂੰ ਮੁੜ੍ਹ ਧਰਤੀ ਉੱਤੇ ਲੈ ਆਵੇਗਾ ਅਤੇ ਇੱਕ ਹੋਰ ਮੌਕੇ ਉੱਤੇ ਆਪ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

سَلْمَانُ مِنَّا اَهْلَ الْبَيْتِ

(ਤਿਬਰਾਨੀ ਕਬੀਰ ਵ ਮੁਸਤਦਰਿਕ ਹਕੀਮ ਬਹਵਾਲਾ ਜਾਮੇ-ਉੱਸ-ਸਗ਼ੀਰ)

ਅਰਥਾਤ, ਸਲਮਾਨ ਫ਼ਾਰਸੀ ਸਾਡੇ ਵਿੱਚੋਂ ਹੈ, ਅਰਥਾਤ ਸਾਡੇ ਅਹਲੇ ਬੈਅਤ ਵਿੱਚੋਂ ਹੈ।

ਇਸ ਹਦੀਸ ਵਿੱਚ ਇਹ ਸੰਕੇਤ ਸੀ ਕਿ ਆਉਣ ਵਾਲਾ ਮਸੀਹ ਤੇ ਮਹਦੀ ਨੇ ਅਹਲੇ ਫ਼ਾਰਸ ਵਿੱਚੋਂ ਹੋਣਾ ਸੀ ਅਤੇ ਇੰਝ, ਮਹਦੀ ਬਾਰੇ ਕੀਤੀ ਗਈ ਇੱਕ ਹੋਰ ਭਵਿੱਖਬਾਣੀ ਵੀ ਪੂਰੀ ਹੋ ਗਈ ਕਿ ਉਹ ਅਹਲੇ ਬੈਅਤ ਵਿੱਚੋਂ ਹੋਵੇਗਾ।

ਇੰਝ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਅੰਤਿਮ ਜ਼ਮਾਨੇ ਵਿੱਚ ਫ਼ਾਰਸੀਆਂ ਵਿੱਚੋਂ ਆਪਣੇ ਇੱਕ ਪਰਤੋਹ ਅਤੇ ਪ੍ਰਤੀਕ ਦੀ ਭਵਿੱਖਬਾਣੀ ਕੀਤੀ ਅਤੇ ਕੁੱਝ ਹੋਰ ਹਦੀਸਾਂ ਵਿੱਚ ਉਸ ਦੀ ਵਿਆਖਿਆ ਕੀਤੀ। ਸੋ, ਹਜ਼ਰਤ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਆਪ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

كَيْفَ اَنْتُمْ اِذَا نَزَلَ ابْنُ مَرْيَمَ فِيْكُمْ وَاِمَامُكُمْ مِنْكُمْ

(ਸਹੀ ਬੁਖਾਰੀ, ਕਿਤਾਬ ਅਹਾਦੀਸ-ਉੱਲ-ਅੰਬੀਆ, ਬਾਬ ਨਜ਼ੂਲੇ ਈਸਾ ਇਬਨੇ ਮਰੀਅਮ)

ਭਾਵ, ਉਸ ਦਿਨ ਤੁਹਾਡਾ ਕੀ ਹਾਲ ਹੋਵੇਗਾ। ਜੱਦ ਇਬਨੇ ਮਰੀਅਮ ਤੁਹਾਡੇ ਵਿੱਚ ਪ੍ਰਗਟ ਹੋਵੇਗਾ ਅਤੇ ਤੁਸੀਂ ਜਾਣਦੇ ਹੋ ਕਿ ਇਬਨੇ ਮਰੀਅਮ ਕੌਣ ਹੈ। ਉਹ ਤੁਹਾਡਾ ਹੀ ਇੱਕ ਇਮਾਮ ਹੋਵੇਗਾ ਅਤੇ ਤੁਹਾਡੇ ਵਿੱਚੋਂ ਹੀ (ਹੇ ਉਮੱਤੀ ਲੋਕੋਂ) ਪੈਦਾ ਹੋਵੇਗਾ। ਇੱਕ ਹੋਰ ਹਦੀਸ ਵਿੱਚ ਇਸ ਤੱਥ ਨੂੰ ਸਪੱਸ਼ਟ ਕੀਤਾ ਕਿ ਇਹ ਆਉਣ ਵਾਲਾ ਮਸੀਹ ਇਮਾਮ ਮਹਦੀ ਵੀ ਹੋਵੇਗਾ। ਭਾਵ ਮਸੀਹ ਤੇ ਮਹਦੀ ਇੱਕੋ ਹਸਤੀ ਦੇ ਦੋ ਨਾਂ ਹੋਣਗੇ। ਸੋ, ਫ਼ਰਮਾਇਆ

وَلَا الْمَهْدِيُّ اِلَّا عِيْسَى ابْنَ مَرْيَمَ

(ਇਬਨੇ ਮਾਜਾ ਬਾਬ ਸ਼ਿੱਦਤੁੱਜ਼ਮਾਨ ਪੰਨਾ 257 ਮਿਸਰੀ, ਕਨਜ਼ੁੱਲ ਆਮਾਲ ਭਾਗ 7 ਪੰਨਾ 156)

ਭਾਵ, ਇਬਨੇ ਮਰੀਅਮ ਤੋਂ ਬਿਨ੍ਹਾ ਕੋਈ ਮਹਦੀ ਨਹੀਂ ਹੈ ।
ਆਪ ਸੱਲਲਾਹੁ ਅਲੈਹਿ ਵਸਲੱਮ ਨੇ ਇਸ ਇਮਾਮ ਦੇ ਆਉਣ ਦਾ ਸਮਾਂ ਵੀ ਬਿਆਨ ਕੀਤਾ ਹੈ ਕਿ

اِذَا مَضَتْ اَلْفٌ وَّمِأَتَانِ وَاَرْبَعُوْنَ سَنَةً يَبْعَثُ اللهُ الْمَهْدِىَّ

ਅਰਥਾਤ : ਜੱਦ ਇੱਕ ਹਜ਼ਾਰ ਦੋ ਸੌ ਚਾਲੀ (1240) ਸਾਲ ਬੀਤ ਜਾਣਗੇ ਤਾਂ ਰੱਬ ਮਹਦੀ ਭੇਜੇਗਾ । (ਅੰਨੱਜਮੁੱਸਾਕਿਬ ਭਾਗ 02 ਪੰਨਾ 209)
ਆਪ ਸੱਲਲਾਹੁ ਅਲੈਹਿ ਵਸਲੱਮ ਨੇ ਉਸ ਮਸੀਹ ਤੇ ਇਮਾਮ ਮਹਦੀ ਦੀ ਸਥਿਤੀ ਅਤੇ ਰੁਤਬੇ ਦਾ ਵਰਣਨ ਕਰਦੇ ਹੋਏ ਫ਼ਰਮਾਇਆ ਕਿ

لَيْسَ بَيْنِىْ وَبَيْنَهٗ نَبِىٌّ يَعْنِىْ عِيْسٰى وَاِنَّهٗ نَازِلٌ فَاِذَا رَأَيْتُمُوْهُ فَاعْرِفُوْهُ

(ਅਬੂ-ਦਾਊਦ, ਕਿਤਾਬੁੱਲ-ਮਲਾਹਿਮ, ਬਾਬ ਖ਼ਰੂਜੁੱਦਜਾਲ)

ਭਾਵ, ਆਉਣ ਵਾਲੇ ਮਸੀਹ ਅਤੇ ਮੇਰੇ ਵਿੱਚਕਾਰ ਕੋਈ ਹੋਰ ਨਬੀ ਨਹੀਂ ਹੈ ਅਤੇ ਮਸੀਹ ਜ਼ਰੂਰ ਤੁਹਾਡੇ ਵਿੱਚ ਪ੍ਰਗਟ ਹੋਵੇਗਾ । ਸੋ, ਜੱਦ ਉਹ ਆਵੇ ਤੁਸੀਂ ਉਸ ਨੂੰ ਵੇਖਦੇ ਹੀ ਪਛਾਣ ਲਿਓ ।
ਸਹੀ ਮੁਸਲਿਮ ਦੀ ਇੱਕ ਹਦੀਸ ਵਿੱਚ, ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਆਉਣ ਵਾਲੇ ਮਸੀਹ ਨੂੰ ਇੱਕੋ ਸਤਰ ਵਿੱਚ ਮੁੜ੍ਹ ਮੁੜ੍ਹ ਨਬੀ ਦੇ ਨਾਂ ਨਾਲ ਯਾਦ ਕੀਤਾ ਹੈ । ਸੋ, ਆਪ ਫ਼ਰਮਾਉਂਦੇ ਹਨ :

وَ يُحْصَرُ نَبِىُّ اللهِ عِيْسٰى وَاَصْحَابُهٗ ... فَيَرْغَبُ نَبِىُّ اللهِ عِيْسٰى وَاَصْحَابُهٗ ...
ثُمَّ يَهْبِطُ نَبِىُّ اللهِ عِيْسٰى وَ اَصْحَابُهٗ .. فَيَرْغَبُ نَبِىُّ اللهِ عِيْسٰى و اَصْحَابُهٗ اِلَى اللهِ

(ਮੁਸਲਿਮ ਬਾਬ ਜ਼ਿਕਰੁੱਦਜਾਲ)

ਭਾਵ, ਜੱਦ ਮਸੀਹ ਮੌਊਦ ਯਾਜੂਜ ਮਾਜੂਜ ਦੀ ਹਕੂਮਤ ਸਮੇਂ ਆਵੇਗਾ, ਤੱਦ ਮਸੀਹ ਨਬੀਉੱਲਾਹ ਅਤੇ ਉਸ ਦੇ ਸਾਥੀ ਵਿਰੋਧੀਆਂ ਦੇ ਘੇਰੇ ਵਿੱਚ ਆ ਜਾਣਗੇ । ਫ਼ਿਰ ਮਸੀਹ ਨਬੀਉੱਲਾਹ ਅਤੇ ਉਸ ਦੇ ਸਾਥੀ ਰੱਬ ਅੱਗੇ ਅਰਦਾਸ ਕਰਦੇ ਹੋਏ ਅਤੇ ਰੋਂਦੇ ਹੋਏ ਬਿਨਤੀ ਕਰਨਗੇ ਅਤੇ ਇਸ ਅਰਦਾਸ ਦੇ ਸਿੱਟੇ ਵਜੋਂ ਮਸੀਹ ਨਬੀਉੱਲਾਹ ਅਤੇ ਉਸ ਦੇ ਸਾਥੀ ਮੁਸ਼ਕਿਲਾਂ ਦੀ ਹਨ੍ਹੇਰੀ ਤੋਂ ਬੱਚ ਜਾਣਗੇ ਅਤੇ ਦੁਸ਼ਮਨ ਦੇ ਕੈਂਪ ਵਿੱਚ ਘੁੱਸ

ਜਾਣਗੇ। ਪਰ ਉੱਥੇ ਨਵੀ ਕਿਸਮ ਦੀਆਂ ਔਕੜ੍ਹਾਂ ਪੈਸ਼ ਆਉਣਗੀਆਂ ਅਤੇ ਫ਼ਿਰ ਮਸੀਹ ਨਬੀਉੱਲਾਹ ਅਤੇ ਉਸ ਦੇ ਸਾਥੀ ਮੁੜ੍ਹ ਅਰਦਾਸ ਵਿੱਚ ਰੱਬ ਅੱਗੇ ਝੁੱਕਣਗੇ ਅਤੇ ਰੱਬ ਉਹਨਾਂ ਦੀਆਂ ਔਕੜ੍ਹਾਂ ਦੂਰ ਕਰ ਦੇਵੇਗਾ।

ਇਸ ਹਦੀਸ ਵਿੱਚ, ਆਪ ਸੱਲਲਾਹੁ ਅਲੈਹਿ ਵਸਲੱਮ ਇੱਕੋ ਵਾਕ ਵਿੱਚ ਮਸੀਹ ਮੌਊਦ ਲਈ ਚਾਰ ਵਾਰ ਨਬੀਉੱਲਾਹ ਸ਼ਬਦ ਦੀ ਵਰਤੋਂ ਕਰਦੇ ਹਨ।

ਉਪਰੋਕਤ ਭਵਿੱਖਬਾਣੀਆਂ ਤੋਂ ਇਹ ਸਪੱਸ਼ਟ ਹੈ ਕਿ ਅੰਤਿਮ ਸਮੇਂ ਵਿੱਚ, 13ਵੀਂ ਸਦੀ ਦੇ ਅੰਤ ਵਿੱਚ, ਮਸੀਹ ਅਤੇ ਮਹਦੀ ਪ੍ਰਗਟ ਹੋਣਗੇ। ਜੋ ਆਪ ਸੱਲਲਾਹੁ ਅਲੈਹਿ ਵਸਲੱਮ ਦੇ ਪ੍ਰਤੀਕ ਅਤੇ ਪਰਛਾਵਾ ਹੋਣਗੇ ਅਤੇ ਰੱਬ ਉਹਨਾਂ ਨੂੰ ਨਬੁਵੱਤ ਦੀ ਪਦਵੀ ਬਖ਼ਸ਼ੇਗਾ। ਉਹ ਉੱਮਤੀ ਨਬੀ ਹੋਣਗੇ। ਇਹਨਾਂ ਭਵਿੱਖਬਾਣੀਆਂ ਅਨੁਸਾਰ, ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ 13ਵੀਂ ਸਦੀ ਦੇ ਅੰਤ ਵਿੱਚ ਮਸੀਹ ਅਤੇ ਮਹਦੀ ਹੋਣ ਦਾ ਦਾਅਵਾ ਕੀਤਾ। ਰੱਬ ਨੇ ਆਪ ਨੂੰ ਆਕਾਸ਼ਬਾਣੀ ਰਾਹੀਂ ਸੰਬੋਧਿਤ ਕੀਤਾ ਕਿ جَعَلْنَاكَ الْمَسِيْحَ ابْنَ مَرْيَم

(ਅਜ਼ਾਲਾ ਓਹਾਮ ਪੰਨਾ 632)

ਅਰਥਾਤ : ਅਸੀਂ ਤੈਨੂੰ ਮਸੀਹ ਇਬਨੇ ਮਰੀਅਮ ਬਣਾਇਆ ਹੈ।

ਇੰਝ ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀ ਸੰਪੂਰਨ ਪਾਲਣਾ ਸਦਕੇ ਆਪ ਜੀ ਨੂੰ ਭਵਿੱਖਬਾਣੀਆਂ ਅਨੁਸਾਰ ਉੱਮਤੀ ਨਬੀ ਦਾ ਦਰਜਾ ਦਿੱਤਾ। ਆਪ ਅਲੈਹਿ ਸਲਾਮ ਇਸ ਸਥਾਨ ਬਾਰੇ ਫ਼ਰਮਾਉਂਦੇ ਹਨ ਕਿ " ਨਬੁੱਵਤ ਸਾਡੇ ਨਬੀ ਕਰੀਮ ਸੱਲਲਾਹੁ ਅਲੈਹਿ ਵਸਲੱਮ ਉੱਤੇ ਖ਼ਤਮ ਹੋ ਗਈ ਅਤੇ ਪਵਿੱਤਰ ਕੁਰਆਨ ਤੋਂ ਬਿਨ੍ਹਾਂ (ਸਾਡੀ) ਕੋਈ ਕਿਤਾਬ ਨਹੀਂ ਹੈ। ਜੋ ਪਿੱਛਲੀਆਂ ਸਾਰੀਆਂ ਕਿਤਾਬਾਂ ਵਿੱਚੋਂ ਸਭ ਤੋਂ ਉੱਤਮ ਹੈ ਅਤੇ ਸ਼ਰੀਅਤੇ ਮੁਹੰਮਦੀਯਾਹ ਤੋਂ ਬਿਨਾਂ (ਸਾਡੀ) ਕੋਈ ਸ਼ਰੀਅਤ ਨਹੀਂ ਹੈ। ਹਾਂ, ਬੇਸ਼ੱਕ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਸ਼ਬਦਾਂ ਅਨੁਸਾਰ ਮੇਰਾ ਨਾਂ ਨਬੀ ਰੱਖਿਆ ਗਿਆ ਹੈ ਅਤੇ ਇਹ ਆਪ ਸੱਲਲਾਹੁ ਅਲੈਹਿ

ਵਸਲੱਮ ਦੀ ਸੰਪੂਰਨ ਪਾਲਣਾ ਕਰਨ ਦੀ ਬਖਸ਼ਿਸ਼ ਹੈ। ਜਿਹੜੀ ਇੱਕ ਪਰਛਾਵੇਂ ਵੱਜੋਂ ਮੈਨੂੰ ਪ੍ਰਾਪਤ ਹੋਈ ਹੈ। ਮੈਂ ਆਪਣੇ ਆਪ ਵਿੱਚ ਕੋਈ ਖ਼ੂਬੀ ਨਹੀਂ ਵੇਖਦਾ ਅਤੇ ਜੋ ਕੁੱਝ ਮੈਂ ਪਾਇਆ ਹੈ। ਮੈਂ ਉਸ ਪਵਿੱਤਰ ਹਸਤੀ ਤੋਂ ਪਾਇਆ ਹੈ ਅਤੇ ਰੱਬ ਦੀ ਨਜ਼ਰ ਵਿੱਚ ਮੇਰੀ ਨਬੁੱਵਤ ਤੋਂ ਭਾਵ ਕੇਵਲ ਵਧੇਰੇ ਤੌਰ ਉੱਤੇ ਰੱਬ ਦੀ ਬਾਣੀ ਅਰਥਾਤ ਵਹੀ ਤੇ ਇਲਹਾਮ ਦਾ ਮੇਰੇ ਉੱਤੇ ਹੋਣਾ ਹੈ ਅਤੇ ਜੋ ਕੋਈ ਇਸ ਤੋਂ ਵੱਧ ਦਾ ਦਾਅਵਾ ਕਰਦਾ ਹੈ ਜਾਂ ਆਪਣੇ ਆਪ ਨੂੰ ਕੁੱਝ ਮਹੱਤਵ ਦਿੰਦਾ ਹੈ ਜਾਂ ਆਪਣੀ ਗਰਦਨ ਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਜੂਲੇ ਵਿੱਚੋਂ ਬਾਹਰ ਨਿਕਾਲਦਾ ਹੈ। ਉਸ ਉੱਤੇ ਰੱਬ ਦੀ ਫ਼ਿਟਕਾਰ ਹੈ ਅਤੇ ਸਾਡੇ ਰਸੂਲੇ ਕਰੀਮ ਸੱਲਲਾਹੁ ਅਲੈਹਿ ਵਸਲੱਮ ਖ਼ਾਤਮੁੰਨਬੀਯੀਨ ਹਨ ਅਤੇ ਉਹਨਾਂ ਉੱਤੇ ਰਸੂਲਾਂ ਦਾ ਸਿਲਸਿਲਾ ਖਤਮ ਹੋ ਗਿਆ ਅਤੇ ਇਹ ਕਿਸੇ ਹੋਰ ਲਈ ਦਰੁਸਤ ਨਹੀਂ ਕਿ ਆਪ ਸੱਲਲਾਹੁ ਅਲੈਹਿ ਵਸਲੱਮ ਮਗਰੋਂ ਸਥਾਈ ਅਰਥਾਤ ਸਦਾ ਦੀ ਨਬੁੱਵਤ ਦਾ ਦਾਅਵਾ ਕਰੇ। ਹੁਣ ਕੇਵਲ ਵਧੇਰੇ ਤੌਰ ਉੱਤੇ ਰੱਬ ਦੀ ਵਹੀ ਬਚੀ ਹੈ ਅਤੇ ਉਹ ਵੀ ਨਬੁੱਵਤ ਦੀ ਪਾਲਣਾ ਨਾਲ ਜੁੜੀ ਹੋਈ ਹੈ, ਉਸ ਤੋਂ ਬਿਨਾਂ ਨਹੀਂ। ਰੱਬ ਦੀ ਸੌਂਹ ! ਮੈਨੂੰ ਇਹ ਸਥਾਨ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸਲੱਮ ਦੇ ਨੂਰ ਦੀਆਂ ਕਿਰਨਾਂ ਦੀ ਪਾਲਣਾ ਕਰਕੇ ਹੀ ਮਿਲਿਆ ਹੈ ਅਤੇ ਰੱਬ ਨੇ ਮੇਰਾ ਨਾਂ ਉਪਮਾ ਅਤੇ ਪ੍ਰਤੀਕ ਵੱਜੋਂ ਪੈਗੰਬਰ ਰੱਖਿਆ ਹੈ, ਨ ਕਿ ਹਕੀਕੀ ਤੌਰ ਉੱਤੇ। ਸੋ, ਇੱਥੇ ਰੱਬ ਦੀ ਅਣਖ ਜਾਂ ਰਸੂਲੇ ਕਰੀਮ ਸੱਲਲਾਹੁ ਅਲੈਹਿ ਵਸਲੱਮ ਦੀ ਅਣਖ ਲਈ ਭੜਕਣ ਦੀ ਕੋਈ ਥਾਂ ਨਹੀਂ, ਕਿਉਂਕਿ ਮੇਰੀ ਸਿੱਖਲਾਈ ਨਬੀ ਕਰੀਮ ਸੱਲਲਾਹੁ ਅਲੈਹਿ ਵਸਲੱਮ ਦੇ ਖੰਭਾਂ ਹੇਠ ਹੋਈ ਹੈ ਅਤੇ ਮੇਰਾ ਕਦਮ ਨਬੀ ਕਰੀਮ ਸੱਲਲਾਹੁ ਅਲੈਹਿ ਵਸਲੱਮ ਦੇ ਕਦਮਾਂ ਦੇ ਚਿੰਨ੍ਹਾਂ ਦੀ ਪੈਰਵੀ ਕਰ ਰਿਹਾ ਹੈ ਅਤੇ ਮੈਂ ਆਪਣੇ ਵੱਲੋਂ ਕੁੱਝ ਨਹੀਂ ਕਿਹਾ। ਸੋ, ਰੱਬ ਨੇ ਮੇਰੇ ਉੱਤੇ ਜੋ ਵਹੀ ਕੀਤੀ। ਉਸ ਦੀ ਪਾਲਣਾ ਕੀਤੀ ਹੈ ਅਤੇ ਉਸ ਮਗਰੋਂ ਮੈਂ ਲੋਕਾਂ ਦੀਆਂ ਧਮਕੀਆਂ ਤੋਂ ਨਹੀਂ ਡਰਦਾ।"

(ਅਨੁਵਾਦ ਅਰਬੀ ਪਾਠ ਅਲ-ਇਸਤਿਫ਼ਤਾ, ਰੂਹਾਨੀ ਖ਼ਜ਼ਾਇਨ, ਜਿਲਦ 22 ਪੰਨਾ 688-689)

ਆਪ ਅਲੈਹਿ ਸਲਾਮ ਨੇ 1889ਈ ਵਿੱਚ ਇੱਕ ਪਵਿੱਤਰ ਜਮਾਅਤ ਦੀ ਨੀਂਹ ਰੱਖੀ ਅਤੇ ਇਸ ਜਮਾਅਤ ਦਾ ਨਾਂ **ਜਮਾਅਤੇ ਅਹਮਦੀਆ ਮੁਸਲਿਮਾ** ਰੱਖਿਆ। ਆਪ ਅਲੈਹਿ ਸਾਲਮ ਦਾ ਸਾਰਾ ਜੀਵਨ ਇਸਲਾਮ ਨੂੰ ਦੁਨੀਆਂ ਵਿੱਚ ਫ਼ੈਲਾਉਣ ਅਤੇ ਪ੍ਰਚਲਿਤ ਕਰਨ ਲਈ ਸਮਰਪਿਤ ਸੀ ਆਪ ਅਲੈਹਿ ਸਲਾਮ ਵੱਲੋਂ ਲਿੱਖੀਆਂ 80 ਤੋਂ ਵੱਧ ਕਿਤਾਬਾਂ ਇਸ ਗੱਲ੍ਹ ਦੀ ਗਵਾਹ ਹਨ। ਇੰਞ ਹੀ ਆਪਣੇ ਅਤੇ ਓਪਰੇ ਲੋਕਾਂ ਦੀਆਂ ਗਵਾਹੀਆਂ ਹਨ ਜਿਨ੍ਹਾਂ ਨੇ ਦੁਨੀਆਂ ਸਾਮ੍ਹਣੇ ਇਹ ਤੱਥ ਉਜਾਗਰ ਕੀਤਾ ਕਿ ਕਿਵੇਂ ਆਪ ਅਲੈਹਿ ਸਲਾਮ ਨੇ ਇਸਲਾਮ ਦੇ ਗਲਬੇ ਖ਼ਾਤਰ ਆਪਣਾ ਸਾਰਾ ਜੀਵਨ ਬਤੀਤ ਕੀਤਾ।

ਰੱਬ ਦੇ ਇਰਾਦੇ ਅਨੁਸਾਰ ਆਪ ਅਲੈਹਿ ਸਲਾਮ ਨੇ ਆਪਣਾ ਫ਼ਰਜ਼ ਚੰਗੀ ਤਰ੍ਹਾਂ ਨਿਭਾਇਆ ਅਤੇ ਅੰਤਿਮ ਸਮੇਂ ਤੱਕ ਆਪਣੇ ਜੀਵਨ ਦਾ ਹਰ ਪਲ ਇਸ ਇਲਾਹੀ ਮਿਸ਼ਨ ਲਈ ਵਕਫ਼ ਕੀਤਾ ਅਤੇ ਇੱਕ ਪਵਿੱਤਰ ਜਮਾਅਤ ਦੀ ਕਾਯਮ ਕੀਤੀ। ਆਪ ਅਲੈਹਿ ਸਲਾਮ ਦੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਦੁਸ਼ਮਨ ਇਹ ਸਮਝਣ ਲੱਗੇ ਕਿ ਹੁਣ ਆਪ ਅਲੈਹਿ ਸਲਾਮ ਦਾ ਉਦੇਸ਼ ਅਤੇ ਜਮਾਅਤ ਦੋਵੇਂ ਹੀ ਖਤਮ ਹੋ ਜਾਣਗੇ। ਪਰ ਰੱਬ ਨੇ ਆਪਣੇ ਵਚਨ ਅਨੁਸਾਰ ਖ਼ਿਲਾਫ਼ਤ ਨੂੰ ਜਾਰੀ ਕੀਤਾ। ਰੱਬ ਪਵਿੱਤਰ ਕੁਰਆਨ ਸ਼ਰੀਫ਼ ਵਿੱਚ ਫ਼ਰਮਾਉਂਦਾ ਹੈ ਕਿ

وَعَدَ اللّٰهُ الَّذِيْنَ اٰمَنُوْا مِنْكُمْ وَعَمِلُوا الصّٰلِحٰتِ لَيَسْتَخْلِفَنَّهُمْ فِي الْاَرْضِ
كَمَا اسْتَخْلَفَ الَّذِيْنَ مِنْ قَبْلِهِمْ وَلَيُمَكِّنَنَّ لَهُمْ دِيْنَهُمُ الَّذِي ارْتَضٰى لَهُمْ
وَلَيُبَدِّلَنَّهُمْ مِّنْ بَعْدِ خَوْفِهِمْ اَمْنًا يَعْبُدُوْنَنِيْ لَا يُشْرِكُوْنَ بِيْ شَيْـًٔا وَمَنْ
كَفَرَ بَعْدَ ذٰلِكَ فَاُولٰٓئِكَ هُمُ الْفٰسِقُوْنَ

(ਸੂਰਾਤੁਨੂੱਰ 24:56)

ਅਨੁਵਾਦ : ਤੁਹਾਡੇ ਵਿੱਚੋਂ ਜੋ ਲੋਕ ਵਿਸ਼ਵਾਸ ਲੈ ਆਉਂਦੇ ਹਨ ਅਤੇ ਨੇਕ ਕੰਮ ਕਰਦੇ ਹਨ। ਉਹਨਾਂ ਨਾਲ ਰੱਬ ਨੇ ਪੱਕਾ ਵਾਅਦਾ ਕੀਤਾ ਹੈ ਕਿ

ਉਹ, ਉਹਨਾਂ ਨੂੰ ਜ਼ਮੀਨ ਉੱਤੇ ਜ਼ਰੂਰ ਖ਼ਲੀਫ਼ਾ ਬਣਾਏਗਾ, ਜਿਵੇਂ ਉਸ ਨੇ ਉਹਨਾਂ ਤੋਂ ਪਹਿਲਾਂ ਲੋਕਾਂ ਨੂੰ ਖ਼ਲੀਫ਼ਾ ਬਣਾਇਆ ਅਤੇ ਉਹਨਾਂ ਲਈ ਉਹਨਾਂ ਦੇ ਧਰਮ ਨੂੰ, ਜੋ ਉਸ ਨੇ ਉਹਨਾਂ ਲਈ ਪਸੰਦ ਕੀਤਾ, ਯਕੀਨੀ ਤੌਰ ਉੱਤੇ ਮਜ਼ਬੂਤੀ ਪ੍ਰਦਾਨ ਕਰੇਗਾ ਅਤੇ ਨਿਸ਼ਚਤ ਤੌਰ ਉੱਤੇ ਉਹਨਾਂ ਦੀ ਡਰ ਅਤੇ ਖ਼ੌਫ਼ ਦੀ ਸਥਿਤੀ ਨੂੰ ਅਮਨ ਦੀ ਸਥਿਤੀ ਵਿੱਚ ਬਦਲ ਦੇਵੇਗਾ। ਉਹ ਮੇਰੀ ਇਬਾਦਤ ਕਰਨਗੇ। ਮੇਰੇ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਣਾਉਣਗੇ ਅਤੇ ਜੋ ਇਸ ਮਗਰੋਂ ਵੀ ਮੇਰੀ ਇਸ ਨੈਅਮਤ ਦਾ ਇੰਨਕਾਰ ਕਰੇ, ਉਹੀ ਅਣ-ਆਗਿਆਕਾਰੀ ਹਨ।

ਹਜ਼ਰਤ ਅਬਦੁੱਰਹਿਮਾਨ ਬਿਨ ਸਾਹਲ ਬਿਆਨ ਕਰਦੇ ਹਨ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

ਹਰ ਨਬੁਵੱਤ ਮਗਰੋਂ ਖ਼ਿਲਾਫ਼ਤ ਹੁੰਦੀ ਹੈ।

(ਕੰਜ਼ੁਲ ਅੱਮਾਲ, ਕਿਤਾਬੁੱਲ ਫ਼ਿਤਨ ਮਿਨ ਕਸਮੁੱਲ ਅਫ਼ਆਲ, ਫ਼ਸਲ ਫ਼ੀ ਮੁਤਫ਼ਰਕਾਤੁੱਲ ਫ਼ਿਤਨ, ਜਿਲਦ 11, ਪੰਨਾ 115, ਹਦੀਸ ਨੰ. 31444)

ਇਸੇ ਪ੍ਰਕਾਰ ਇੱਕ ਹੋਰ ਥਾਂ ਹਜ਼ਰਤ ਹੁਜ਼ੈਫਾਹ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਨੇ ਫ਼ਰਮਾਇਆ :

'' ਤੁਹਾਡੇ ਵਿੱਚਕਾਰ ਨਬੁਵੱਤ ਕਾਯਮ ਰਹੇਗੀ, ਫ਼ਿਰ ਨਬੁਵੱਤ ਦੇ ਤਰੀਕ ਅਨੁਸਾਰ ਖ਼ਿਲਾਫ਼ਤ ਸਥਾਪਿਤ ਹੋਵੇਗੀ। ਫ਼ਿਰ ਤਕਲੀਫ਼ ਦੇਣ ਵਾਲਾ ਰਾਜ ਸਥਾਪਿਤ ਕੀਤਾ ਜਾਵੇਗਾ। ਫ਼ਿਰ ਉਸ ਮਗਰੋਂ ਦਮਨਕਾਰੀ ਰਾਜ ਸ਼ਾਹੀ ਸਥਾਪਿਤ ਹੋਵੇਗਾ। ਮਗਰੋਂ ਨਬੁਵੱਤ ਦੇ ਤਰੀਕ ਉੱਤੇ ਖ਼ਿਲਾਫ਼ਤ ਸਥਾਪਿਤ ਕੀਤੀ ਜਾਵੇਗੀ। ਫ਼ਿਰ ਇਸ ਮਗਰੋਂ ਆਪ ਸੱਲਲਾਹੁ ਅਲੈਹਿ ਵਸੱਲਮ ਚੁੱਪ ਹੋ ਗਏ। (ਮਸਨਦ ਅਹਮਦ, ਹਦੀਸ 17680)

ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀਆਂ ਇਹਨਾਂ ਭਵਿੱਖਬਾਣੀਆਂ ਅਨੁਸਾਰ ਹਜ਼ਰਤ ਮਿਰਜ਼ਾ ਗੁਲਾਮ ਅਹਮਦ ਸਾਹਿਬ ਕਾਦੀਆਨੀ ਮਸੀਹ ਮੌਊਦ ਅਤੇ ਮਹਦੀ ਮਾਹੂਦ ਅਲੈਹਿ ਸਲਾਮ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਖ਼ਿਲਾਫ਼ਤੇ ਅਹਮਦੀਆ ਮੁਸਲਿਮਾ

ਦਾ ਸਤਿਕਾਰਯੋਗ ਨਿਜ਼ਾਮ ਜਾਰੀ ਹੋਇਆ। ਜਿਸ ਨੂੰ ਮਸੀਹ ਮੌਊਦ ਅਲੈਹਿ ਸਲਾਮ ਨੇ ਦੂਜੀ ਕੁਦਰਤ ਦੇ ਨਾਂ ਨਾਲ ਸੰਬੋਧਿਤ ਕੀਤਾ। ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਖ਼ਿਲਾਫ਼ਤੇ ਅਹਮਦੀਆ ਮੁਸਲਿਮਾ ਦੀ ਖੁਸ਼ਖਬਰੀ ਦਿੰਦੇ ਹੋਏ ਫ਼ਰਮਾਉਂਦੇ ਹਨ :

'' ਇਹ ਰੱਬ ਦੀ ਸੁੰਨਤ ਹੈ ਅਤੇ ਜੱਦ ਤੋਂ ਉਸ ਨੇ ਮਨੁੱਖ ਨੂੰ ਧਰਤੀ ਉੱਤੇ ਪੈਦਾ ਕੀਤਾ ਹੈ। ਸਦਾ ਇਸ ਸੁੰਨਤ ਨੂੰ ਉਹ ਪ੍ਰਕਟ ਕਰਦਾ ਰਿਹਾ ਹੈ ਕਿ ਉਹ ਆਪਣੇ ਨਬੀਆਂ ਅਤੇ ਰਸੂਲਾਂ ਦੀ ਮਦਦ ਕਰਦਾ ਹੈ ਅਤੇ ਉਹਨਾਂ ਨੂੰ ਪ੍ਰਬਲਤਾ ਬਖ਼ਸ਼ਦਾ ਹੈ ਜਿਵੇਂ ਕਿ ਉਹ ਫ਼ਰਮਾਉਂਦਾ ਹੈ :

كَتَبَ اللّٰهُ لَاَغْلِبَنَّ اَنَا وَرُسُلِيْ

(ਅਲ-ਮੁਜਾਦਲਾਹ 58:22)

ਅਰਥਾਤ ਰੱਬ ਨੇ ਲਿੱਖ ਰੱਖਿਆ ਹੈ ਕਿ ਉਹ ਅਤੇ ਉਸ ਦੇ ਨਬੀ ਪ੍ਰਬਲ ਅਤੇ ਸਫ਼ਲ ਹੋਣਗੇ ਅਤੇ ਪ੍ਰਬਲਤਾ ਅਤੇ ਸਫ਼ਲਤਾ ਦਾ ਅਰਥ ਇਹ ਹੈ ਕਿ ਜਿਵੇਂ ਕਿ ਰਸੂਲ ਅਤੇ ਨਬੀ ਚਾਹੁੰਦੇ ਹਨ ਕਿ ਧਰਤੀ ਉੱਤੇ ਰੱਬ ਦੀ ਦਲੀਲ ਪੂਰੀ ਹੋਵੇ। ਪਰ ਉਸ ਦੀ ਸੰਪੂਰਨਤਾ ਉਹਨਾਂ ਦੇ ਹੱਥੋਂ ਪੂਰੀ ਨਹੀਂ ਕਰਦਾ। ਸਗੋਂ ਅਜਿਹੇ ਸਮੇਂ ਉੱਤੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਨਾਲ, ਜੋ ਵੇਖਣ ਵਿੱਚ ਅਸਫਲਤਾ ਦਾ ਡਰ ਆਪਣੇ ਨਾਲ ਰੱਖਦੀ ਹੈ, ਵਿਰੋਧੀਆਂ ਨੂੰ ਹਾਸੇ, ਮਖੌਲ, ਮਜ਼ਾਕ ਅਤੇ ਅਪਮਾਨ ਦਾ ਮੌਕਾ ਦਿੰਦਾ ਹੈ ਅਤੇ ਜੱਦ ਉਹ ਹੱਸ ਲੈਂਦੇ ਹਨ ਅਤੇ ਮਖੌਲ ਕਰ ਲੈਂਦੇ ਹਨ ਤਾਂ ਇੱਕ ਹੋਰ ਹੱਥ ਆਪਣੀ ਸ਼ਕਤੀ ਦਾ ਦਰਸਾਉਂਦਾ ਹੈ ਅਤੇ ਅਜਿਹੇ ਸਾਧਨ ਬਣਾਉਂਦਾ ਹੈ। ਜਿਨ੍ਹਾਂ ਰਾਹੀਂ ਉਹ ਟੀਚੇ, ਜੋ ਕੁੱਝ ਅਧੂਰੇ ਰਹਿ ਗਏ ਸਨ, ਆਪਣੀ ਸੰਪੂਰਨਤਾ ਤੱਕ ਪਹੁੰਚਦੇ ਹਨ। ਸੋ, ਉਹ ਦੋ ਪ੍ਰਕਾਰ ਦੀਆਂ ਸ਼ਕਤੀਆਂ ਦਰਸਾਉਂਦਾ ਹੈ।

ਪਹਿਲੀ, ਉਹ ਪੈਗੰਬਰਾਂ ਦੇ ਹੱਥਾਂ ਰਾਹੀਂ ਆਪਣੀ ਸ਼ਕਤੀ ਦਰਸਾਉਂਦਾ ਹੈ ਦੂਜੀ, ਅਜਿਹੇ ਸਮੇਂ ਵਿੱਚ ਜੱਦ ਪੈਗੰਬਰ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ ਅਤੇ ਦੁਸ਼ਮਨ

ਤਾਕਤਵਰ ਹੋ ਜਾਂਦੇ ਹਨ ਅਤੇ ਸੋਚਦੇ ਹਨ ਕਿ ਹੁਣ ਹਾਲਾਤ ਵਿਗੜ ਗਏ ਹਨ ਅਤੇ ਉਹ ਮੰਨਦੇ ਹਨ ਕਿ ਹੁਣ ਇਹ ਜਮਾਅਤ ਨਸ਼ਟ ਹੋ ਜਾਵੇਗੀ ਅਤੇ ਜਮਾਅਤ ਦੇ ਲੋਕ ਆਪ ਵੀ ਮੁਸੀਬਤ ਵਿੱਚ ਪੈ ਜਾਂਦੇ ਹਨ ਅਤੇ ਉਹਨਾਂ ਦੀਆਂ ਕਮਰਾਂ ਟੁੱਟ ਜਾਂਦੀਆਂ ਹਨ ਅਤੇ ਕਈ ਅਭਾਗੇ ਲੋਕ ਇੰਨਕਾਰ ਕਰਨ ਦੀ ਰਾਹ ਲੈਂਦੇ ਹਨ। ਫ਼ਿਰ ਦੂਜੀ ਵਾਰ ਰੱਬ ਇੱਕ ਸ਼ਕਤੀਸ਼ਾਲੀ ਹੱਥ ਦਰਸਾਉਂਦਾ ਹੈ ਅਤੇ ਡਿੱਗਦੀ ਹੋਈ ਜਮਾਅਤ ਨੂੰ ਸਾਂਭ ਲੈਂਦਾ ਹੈ। ਸੋ, ਜੋ ਅੰਤ ਤੱਕ ਧੀਰਜ ਰੱਖਦਾ ਹੈ। ਉਹ ਰੱਬ ਦੇ ਇਸ ਚਮਤਕਾਰ ਨੂੰ ਵੇਖਦਾ ਹੈ। ਜਿਵੇਂ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਸਮੇਂ ਵਿੱਚ ਹੋਇਆ। ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਨੂੰ ਇੱਕ ਬੇਵਕਤ ਦਾ ਅਕਾਲ ਚਲਾਣਾ ਮੰਨਿਆ ਜਾਂਦਾ ਸੀ ਅਤੇ ਬਹੁਤ ਸਾਰੇ ਅਗਿਆਨੀ ਬੱਦੂ ਧਰਮ ਨੂੰ ਤਿਆਗ ਰਹੇ ਸਨ ਅਤੇ ਸਹਾਬਾ ਰਿਜ਼ਵਾਨੁੱਲਾਹ ਅਲੈਹਿਮ ਵੀ ਸੋਗ ਨਾਲ ਦਿਵਾਨੇ ਹੋ ਰਹੇ ਸਨ। ਫ਼ਿਰ ਰੱਬ ਨੇ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅੱਲਾਹ ਅੰਨਹੁ ਨੂੰ ਖੜ੍ਹਾ ਕਰਕੇ ਮੁੜ੍ਹ ਆਪਣੀ ਸ਼ਕਤੀ ਦੀ ਮਿਸਾਲ ਦਿੱਤੀ ਅਤੇ ਇਸਲਾਮ ਨੂੰ ਤਬਾਹ ਹੋਣ ਤੋਂ ਬਚਾਇਆ ਅਤੇ ਜੋ ਵਚਨ ਦਿੱਤਾ ਸੀ। ਉਸ ਨੂੰ ਪੂਰਾ ਕੀਤਾ। ਜੋ ਫ਼ਰਮਾਇਆ ਸੀ :

وَلَيُمَكِّنَنَّ لَهُمْ دِينَهُمُ الَّذِى ارْتَضٰى لَهُمْ وَلَيُبَدِّلَنَّهُمْ مِّنْ بَعْدِ خَوْفِهِمْ اَمْنًا

(ਸੂਰਤੁੰਨੂਰ 24:56)

ਸੋ, ਹੇ ਪਿਆਰੋਂ ! ਜੱਦ ਕਿ ਸ਼ੁਰੂ ਤੋਂ ਰੱਬ ਦੀ ਸੁਨੰਤ ਇਹੋ ਹੈ ਕਿ ਰੱਬ ਵਿਰੋਧੀਆਂ ਦੀਆਂ ਦੋ ਝੁੱਠੀਆਂ ਖੁਸ਼ੀਆਂ ਨੂੰ ਬਰਬਾਦ ਕਰਨ ਲਈ ਦੋ ਕੁਦਰਤਾਂ ਦਰਸਾਉਂਦਾ ਹੈ। ਸੋ, ਰੱਬ ਲਈ ਆਪਣੀ ਪ੍ਰਾਚੀਨ ਸੁਨੰਤ ਨੂੰ ਤਿਆਗਣਾ ਸੰਭਵ ਨਹੀਂ ਹੈ। ਸੋ, ਜੋ ਮੈਂ ਤੁਹਾਨੂੰ ਦੱਸਿਆ ਹੈ। ਉਸ ਤੋਂ ਉਦਾਸ ਨ ਹੋ ਅਤੇ ਆਪਣੇ ਦਿਲਾਂ ਨੂੰ ਪਰੇਸ਼ਾਨ ਨ ਹੋਣ ਦਿਓ। ਕਿਉਂਕਿ ਤੁਹਾਡੇ ਲਈ ਇੱਕ ਹੋਰ ਕੁਦਰਤ ਨੂੰ ਵੇਖਣਾ ਜ਼ਰੂਰੀ ਹੈ ਅਤੇ ਉਸ ਦਾ ਆਉਣਾ ਤੁਹਾਡੇ ਲਈ ਚੰਗਾ ਹੈ। ਕਿਉਂਕਿ ਉਹ ਸਦੇਵੀਂ ਹੈ। ਮੈਂ ਰੱਬ ਵੱਲੋਂ ਇੱਕ ਕੁਦਰਤ ਦੇ ਰੰਗ ਵਿੱਚ ਪ੍ਰਗਟ ਹੋਇਆ ਹਾਂ ਅਤੇ ਮੈਂ ਇੱਕ ਰੱਬ ਦੀ

ਕੁਦਰਤ ਦਾ ਪ੍ਰਤੀਕ ਹਾਂ ਅਤੇ ਮੇਰੇ ਬਾਦ ਕੁੱਝ ਹੋਰ ਵਜੂਦ ਹੋਣਗੇ। ਜੋ ਕਿਸੇ ਹੋਰ ਕੁਦਰਤ ਦੇ ਰੂਪ ਵਿੱਚ ਪ੍ਰਗਟ ਹੋਣਗੇ। ਸੋ, ਤੁਸੀਂ ਰੱਬ ਦੀ ਦੂਜੀ ਕੁਦਰਤ ਦੀ ਉਡੀਕ ਕਰਦੇ ਹੋਏ ਇੱਕਠੇ ਅਰਦਾਸ ਕਰੋ ਅਤੇ ਧਰਮੀ ਲੋਕਾਂ ਦਾ ਸਮੂਹ ਹਰ ਦੇਸ਼ ਵਿੱਚ ਇੱਕਠੇ ਹੋ ਕੇ ਅਰਦਾਸ ਕਰੇ ਤਾਂ ਜੋ ਦੂਜੀ ਕੁਦਰਤ ਆਕਾਸ਼ ਤੋਂ ਉਤਰੇ ਅਤੇ ਤੁਹਾਨੂੰ ਦਰਸਾਵੇ ਕਿ ਤੁਹਾਡਾ ਰੱਬ ਅਜਿਹਾ ਸ਼ਕਤੀਸ਼ਾਲੀ ਰੱਬ ਹੈ।

(ਅਲ-ਵੱਸਿਅਤ, ਰੂਹਾਨੀ ਖ਼ਜ਼ਾਇਨ ਭਾਗ 20 ਪੰਨਾ 304-306)

ਇਸ ਬਾਰੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ

" ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਲਿੱਖਤਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਆਪ ਦੇ ਮਗਰੋਂ ਖ਼ਿਲਾਫ਼ਤ ਦਾ ਸਿਲਸਿਲਾ ਉਸੇ ਰੰਗ ਵਿੱਚ ਕਾਯਮ ਕੀਤਾ ਜਾਵੇਗਾ। ਜਿਵੇਂ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਮਗਰੋਂ ਕਾਯਮ ਕੀਤਾ ਗਿਆ ਸੀ ਅਤੇ ਇਹ ਕਿ ਆਪ ਦੇ ਉੱਤਰਾਧਿਕਾਰੀ ਆਗਿਆਕਾਰੀ ਕਰਨ ਵਾਲੇ ਹੋਣਗੇ ਅਤੇ ਸਿਲਸਿਲੇ ਦੇ ਹਕੀਕੀ ਨੁਮਾਇੰਦੇ ਉਹੀ ਹੋਣਗੇ।

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਭਾਗ 3 ਪੰਨਾ 601)

ਮਈ 1908ਈ ਵਿੱਚ ਹਜ਼ਰਤ ਮਸੀਹ ਮੌਊਦ ਅਤੇ ਮਹਦੀ ਮਾਹੂਦ ਅਲੈਹਿ ਸਲਾਮ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਹਜ਼ਰਤ ਹਾਫ਼ਿਜ਼ ਹਕੀਮ ਮੌਲਵੀ ਨੂਰੁੱਦੀਨ ਸਾਹਿਬ, ਪਹਿਲੇ ਖ਼ਲੀਫ਼ਾ ਚੁਣੇ ਗਏ। 1914ਈ ਵਿੱਚ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅਲ-ਅੱਵਲ ਰਜ਼ੀ ਅੱਲਾਹ ਅੰਨਹੁ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਿਮੂਦ ਅਹਮਦ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਅਰਥਾਤ ਦੂਜੇ ਉੱਤਰਾਧਿਕਾਰੀ ਚੁਣੇ ਗਏ ਅਤੇ ਉਹਨਾਂ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, 1965ਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਤੀਜੇ ਖ਼ਲੀਫ਼ਾ ਹਜ਼ਰਤ ਮਿਰਜ਼ਾ ਨਾਸਿਰ ਅਹਮਦ ਸਾਹਿਬ ਰਹਿਮਾਹੁੱਲਾਹ ਚੁਣੇ ਗਏ। ਆਪ ਦੇ

ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, 1982ਈ ਵਿੱਚ ਹਜ਼ਰਤ ਮਿਰਜ਼ਾ ਤਾਹਿਰ ਅਹਮਦ ਸਾਹਿਬ ਰਹਿਮਾਹੁੱਲਾਹ ਖ਼ਲੀਫ਼ਾਤੁੱਲ ਮਸੀਹ ਅੱਰਾਬੇ ਅਰਥਾਤ ਚੌਥੇ ਉੱਤਰਾਧਿਕਾਰੀ ਚੁਣੇ ਗਏ। 2003ਈ ਵਿੱਚ ਆਪ ਰਹਿਮਾਹੁੱਲਾਹ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਸਾਡੇ ਮੌਜੂਦਾ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੰਜਵੇਂ ਖ਼ਲੀਫ਼ਾ ਚੁਣੇ ਗਏ। ਜਿਨ੍ਹਾਂ ਦੀ ਅਗਵਾਈ ਹੇਠ ਜਮਾਅਤੇ ਅਹਮਦੀਆ ਮੁਸਲਿਮਾ ਤਰੱਕੀ ਦੀ ਰਾਹ ਉੱਤੇ ਅੱਗੇ ਤੋਂ ਅੱਗੇ ਵੱਧ ਰਹੀ ਹੈ।

ਸਾਡੀ ਦੁਆ ਹੈ ਕਿ ਰੱਬ ਸਾਡੇ ਪਿਆਰੇ ਇਮਾਮ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਮਸਰੂਰ ਅਹਮਦ ਸਾਹਿਬ ਖ਼ਲੀਫ਼ਾਤੁੱਲ ਮਸੀਹ ਅੱਲ-ਖਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਨੂੰ ਸਿਹਤ ਵਾਲੀ ਲੰਮੀ ਉਮਰ ਬਖ਼ਸ਼ੇ ਅਤੇ ਆਪ ਜੀ ਦੀ ਰਹਿਮਤ ਦਾ ਪਰਛਾਵਾਂ ਸਾਡੇ ਸਿਰਾਂ ਉੱਤੇ ਸਦਾ ਕਾਯਮ ਰਹੇ ਅਤੇ ਆਪ ਦੇ ਪਵਿੱਤਰ ਦੌਰ ਵਿੱਚ ਇਸਲਾਮ ਅਹਮਦੀਅਤ ਨੂੰ ਪ੍ਰਬਲਤਾ ਅਤੇ ਸਫ਼ਲਤਾ ਪ੍ਰਾਪਤ ਹੋਵੇ।

ਜੇ ਰੱਬ ਚਾਹੇਗਾ ਤਾਂ ਇਹ ਸਿਲਸਿਲਾ ਵੱਧਦਾ ਰਹੇਗਾ ਅਤੇ ਇਸ ਸਤਿਕਾਰਯੋਗ ਦੂਜੀ ਕੁਦਰਤ ਦੇ ਪ੍ਰਗਟ ਕਰਨ ਵਾਲੇ, ਰੱਬ ਦੀ ਰਜ਼ਾ ਅਨੁਸਾਰ ਸਦਾ ਆਉਂਦੇ ਰਹਿਣਗੇ ਕਿਉਂਕਿ ਸਾਡੇ ਰੱਬ ਕੋਲ੍ਹ ਦੂਜੀ, ਤੀਜੀ, ਚੌਥੀ, ਪੰਜਵੀਂ ਆਦਿ ਕੁਦਰਤਾਂ ਹਨ। ਇਸ ਸੰਦਰਭ ਵਿੱਚ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ

" ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਜਾਵਾਂਗਾ। ਪਰ ਰੱਬ ਤੁਹਾਡੇ ਲਈ ਦੂਜੀ ਕੁਦਰਤ ਭੇਜੇਗਾ। ਪਰ ਸਾਡੇ ਰੱਬ ਕੋਲ੍ਹ ਦੂਜੀ ਹੀ ਕੁਦਰਤ ਨਹੀਂ। ਉਸ ਕੋਲ੍ਹ ਤੀਜੀ ਕੁਦਰਤ ਵੀ ਹੈ ਅਤੇ ਉਸ ਕੋਲ੍ਹ ਚੌਥੀ ਕੁਦਰਤ ਵੀ ਹੈ। ਪਹਿਲੀ ਕੁਦਰਤ ਮਗਰੋਂ ਦੂਜੀ ਕੁਦਰਤ ਪ੍ਰਗਟ ਹੋਈ ਅਤੇ ਦੂਜੀ ਕੁਦਰਤ ਮਗਰੋਂ ਤੀਜੀ ਕੁਦਰਤ ਪ੍ਰਗਟ ਹੋਵੇਗੀ ਅਤੇ ਤੀਜੀ ਕੁਦਰਤ ਮਗਰੋਂ ਚੌਥੀ ਕੁਦਰਤ ਪ੍ਰਗਟ ਹੋਵੇਗੀ ਅਤੇ

ਚੌਥੀ ਕੁਦਰਤ ਮਗਰੋਂ ਪੰਜਵੀਂ ਕੁਦਰਤ ਪ੍ਰਗਟ ਹੋਵੇਗੀ ਅਤੇ ਪੰਜਵੀਂ ਕੁਦਰਤ ਮਗਰੋਂ ਛੇਵੀਂ ਕੁਦਰਤ ਪ੍ਰਗਟ ਹੋਵੇਗੀ ਅਤੇ ਰੱਬ ਦਾ ਹੱਥ ਲੋਕਾਂ ਨੂੰ ਚਮਤਕਾਰ ਵਿਖਾਉਂਦਾ ਚਲਾ ਜਾਵੇਗਾ ਅਤੇ ਸੰਸਾਰ ਦੀ ਕੋਈ ਵੱਡੀ ਤੋਂ ਵੱਡੀ ਤਾਕਤ ਅਤੇ ਸ਼ਕਤੀਸ਼ਾਲੀ ਤੋਂ ਸ਼ਕਤੀਸ਼ਾਲੀ ਬਾਦਸ਼ਾਹ ਵੀ ਇਸ ਸਕੀਮ ਅਤੇ ਉਦੇਸ਼ ਦੀ ਰਾਹ ਵਿੱਚ ਖੜਾ ਨਹੀਂ ਹੋ ਸਕਦਾ। ਉਸ ਨੇ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੁੱਢਲੀ ਇੰਟ ਬਣਾਇਆ ਅਤੇ ਉਸ ਨੇ ਮੈਨੂੰ ਦੂਜੀ ਇੰਟ ਬਣਾਇਆ। ਹਜ਼ਰਤ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ਨੇ ਇੱਕ ਵਾਰ ਫ਼ਰਮਾਇਆ ਕਿ ਜੱਦ ਧਰਮ ਖ਼ਤਰੇ ਵਿੱਚ ਹੋਵੇਗਾ ਤਾਂ ਰੱਬ ਉਸ ਦੀ ਰਾਖੀ ਲਈ ਅਹਲੇ ਫ਼ਾਰਸ ਵਿੱਚੋਂ ਕੁੱਝ ਲੋਕ ਖੜ੍ਹੇ ਕਰੇਗਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਹਨਾਂ ਵਿੱਚੋਂ ਇੱਕ ਸਨ ਅਤੇ ਮੈਂ ਇੱਕ ਹਾਂ। ਪਰ ਸੰਭਵ ਹੈ ਕਿ ਰਿਜਾਲ ਹੇਠਾਂ ਅਹਲੇ ਫ਼ਾਰਸ ਵਿੱਚੋਂ ਕੁੱਝ ਹੋਰ ਲੋਕ ਵੀ ਅਜਿਹੇ ਹੋਣ ਜੋ ਇਸਲਾਮ ਧਰਮ ਦਾ ਮਾਣ ਸਤਿਕਾਰ ਕਾਯਮ ਰੱਖਣ ਅਤੇ ਉਸ ਦੀ ਨੀਂਹਾਂ ਨੂੰ ਮਜ਼ਬੂਤ ਕਰਨ ਲਈ ਖੜ੍ਹੇ ਹੋਣ''

(ਅਲ-ਫ਼ਜ਼ਲ 22 ਸਤੰਬਰ 1950 ਪੰਨਾ 6-7)

(ਅਲ-ਫ਼ਜ਼ਲ ਇੰਟਰਨੈਸ਼ਨਲ 23-29 ਮਈ 2014)

ਅਹਮਦੀਅਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੂਜੀ ਕੁਦਰਤ ਦੇ ਇਹਨਾਂ ਆਗੂਆਂ ਹੇਠ ਜਮਾਅਤ ਅਹਮਦੀਆ ਤਰੱਕੀ ਦੀਆਂ ਨਵੀਂਆਂ ਮਨਜ਼ਿਲਾਂ ਤੇਜ਼ੀ ਨਾਲ ਤੈਅ ਕਰ ਰਹੀ ਹੈ। ਅੱਜ ਜਮਾਅਤ ਨੂੰ ਸੰਸਾਰ ਵਿੱਚ ਇੱਕ ਵਿਲੱਖਣ ਪਹਿਚਾਣ ਪ੍ਰਾਪਤ ਹੈ। ਇਹ ਮਨੁੱਖਤਾ ਦੀ ਸੇਵਾ, ਇਸਲਾਮ ਦੇ ਪ੍ਰਚਾਰ ਪ੍ਰਸਾਰ ਅਤੇ ਸਿੱਖਿਆ ਤੇ ਸਿਖਲਾਈ ਦੇ ਖੇਤਰਾਂ ਵਿੱਚ ਸਭ ਤੋਂ ਅੱਗੇ ਹੈ। ਇਸਲਾਮ ਦੇ ਅਸਲ ਸੰਦੇਸ਼ ਨੂੰ 24 ਘੰਟੇ ਟੀ.ਵੀ ਚੈਨਲਾਂ, ਰੇਡੀਓ, ਪ੍ਰੈਸ, ਮੀਡੀਆ ਅਤੇ ਲੀਫ਼ਲੈਟਸ ਆਦਿ ਰਾਹੀਂ ਸੰਸਾਰ ਵਿੱਚ ਫੈਲਾਇਆ ਜਾ ਰਿਹਾ ਹੈ। ਗ਼ਰੀਬ ਅਤੇ ਲੋੜਮੰਦ ਲੋਕਾਂ ਦੀ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜਾਂ ਪੀਣ ਵਾਲੇ ਪਾਣੀ ਅਤੇ ਊਰਜਾ ਦੀ ਸਪਲਾਈ ਵਿੱਚ ਮਦਦ ਕੀਤੀ ਜਾ ਰਹੀ ਹੈ। ਇੰਝ ਹੀ ਪਿਆਰ, ਅਮਨ, ਭਾਈਚਾਰੇ ਅਤੇ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਲਈ ਵੀ ਜਮਾਅਤ ਅਹਮਦੀਆ ਪਛਾਣੀ ਜਾਂਦੀ ਹੈ। ਇਸਲਾਮ ਦੀ ਅਸਲ ਤਸਵੀਰ ਸੰਸਾਰ

ਦੇ ਸਾਮ੍ਹਣੇ ਪੈਸ਼ ਕਰਨ ਕਰਕੇ ਗੈਰ ਮੁਸਲਿਮ ਜਗਤ ਨੂੰ ਇਸਲਾਮ ਦੀਆਂ ਖੂਬਸੂਰਤ ਸਿੱਖਿਆਵਾਂ ਤੋਂ ਜਾਣੂ ਕਰਵਾਈਆ ਜਾ ਰਿਹਾ ਹੈ। ਅਹਮਦੀਆ ਮੁਸਲਿਮ ਜਮਾਅਤ ਕੁਰਆਨ ਸ਼ਰੀਫ਼ ਅਤੇ ਇਸਲਾਮੀ ਸਾਹਿਤ ਦੇ ਪ੍ਰਕਾਸ਼ਨ ਵਿੱਚ ਵਿਲੱਖਣ ਯੋਗਦਾਨ ਪਾ ਰਹੀ ਹੈ। ਅੱਜ ਸੰਸਾਰ ਵਿੱਚ 200 ਤੋਂ ਵੱਧ ਦੇਸ਼ਾਂ ਵਿੱਚ ਪੱਕੇ ਤੌਰ ਉੱਤੇ ਇਹ ਸਿਲਸਿਲਾ ਸਥਾਪਿਤ ਹੋ ਗਿਆ ਹੈ।

ਖ਼ਿਲਾਫ਼ਤ ਦੀ ਬਰਕਤ ਨੇ ਜਮਾਅਤ ਨੂੰ ਆਪਸੀ ਏਕਤਾ, ਅਖੰਡਤਾ, ਦ੍ਰਿੜ੍ਹ ਵਿਸ਼ਵਾਸ ਅਤੇ ਨੇਕ ਕੰਮਾਂ ਦੀ ਦੌਲਤ ਦਾ ਅਮੀਰ ਸਰੋਤ ਬਣਾ ਦਿੱਤਾ ਹੈ ਅਤੇ ਵਚਨਬੱਧ ਬਰਕਤਾਂ ਦਾ ਭਰਪੂਰ ਹਿੱਸਾ ਦਿੱਤਾ ਹੈ। ਖ਼ਿਲਾਫ਼ਤੇ ਅਹਮਦੀਆ ਦੀ ਅਗਵਾਈ ਵਿੱਚ ਜਮਾਅਤੇ ਅਹਮਦੀਆ ਭਾਵ ਸੱਚੇ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਹਰ ਪਾਸੇ ਕੀਤਾ ਜਾ ਰਿਹਾ ਹੈ। ਸਮੂਹਾਂ ਵਿੱਚ ਲੋਕ ਇਸਲਾਮ ਵਿੱਚ ਦਾਖਲ ਹੋ ਰਹੇ ਹਨ। ਰੱਬ ਦੀ ਮਦਦ ਆਕਾਸ਼ ਤੋਂ ਹੇਠਾਂ ਆਉਂਦੀ ਵਿਖਾਈ ਦਿੰਦੀ ਹੈ।

ਖ਼ਿਲਾਫ਼ਤ ਸਦਕੇ, ਜਮਾਅਤੇ ਅਹਮਦੀਆ ਰੱਬ ਦੀਆਂ ਅਣਗਿਣਤ ਬਖ਼ਸ਼ਿਸ਼ਾਂ ਪ੍ਰਾਪਤ ਕਰ ਰਹੀ ਹੈ ਅਤੇ ਰੱਬੀ ਨੂਰ ਦਾ ਆਨੰਦ ਮਾਣ ਰਹੀ ਹੈ। ਜੱਦਕਿ ਖ਼ਿਲਾਫ਼ਤ ਦਾ ਇਨੰਕਾਰ ਕਰਨ ਵਾਲੇ ਸ਼ਰਮਿੰਦਗੀ, ਅਪਮਾਨ ਅਤੇ ਵੰਡ ਦਾ ਸ਼ਿਕਾਰ ਹਨ।

ਖਿਲਾਫ਼ਤੇ ਅਹਮਦੀਆ ਦੀਆਂ ਬਰਕਤਾਂ ਦੀ ਸੰਸਾਰਿਕ ਬਖਸ਼ਿਸ਼ਾਂ ਨਾਲ ਤੁਲਨਾ ਕਰਨਾ ਮੂਰਖਤਾ ਹੈ। ਸੋ, ਰੱਬ ਦੀ ਇਸ ਰੱਸੀ ਦੀਆਂ ਤਾਰਾਂ ਰੱਬ ਅਤੇ ਮੋਮਿਨਾਂ ਵਿੱਚਕਾਰ ਜੁੜੀਆਂ ਹੋਈਆਂ ਹਨ। ਜਮਾਅਤੇ ਅਹਮਦੀਆ ਦਾ ਇਤਿਹਾਸ ਗਵਾਹ ਹੈ ਕਿ ਇਹ ਰੂਹਾਨੀ ਨਿਜ਼ਾਮ ਉਹਨਾਂ ਵਫ਼ਾਦਾਰ ਮੋਮਿਨਾਂ ਦਾ ਸਹਾਰਾ ਬਣ ਗਈ। ਜਿਨ੍ਹਾਂ ਨੇ ਸ਼ਰਤਾਂ ਪੂਰੀਆਂ ਕੀਤੀਆਂ ਅਤੇ ਉਹਨਾਂ ਨੇ ਜੀਵਨ ਵਿੱਚ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਵਿਕਾਸ ਦੇ ਖੇਤਰ ਨਿਰਧਾਰਤ ਕੀਤੇ। ਜਿੱਥੇ ਕਿੱਥੇ ਵੀ ਧਰਮ ਨੂੰ ਸ਼ਕਤੀ ਪ੍ਰਾਪਤ ਹੁੰਦੀ ਰਹੀ ਹੈ। ਉੱਥੇ ਮੋਮਿਨਾਂ ਦੀਆਂ ਭੈਭੀਤ ਸਥਿਤੀਆਂ, ਸਦਾ

ਅਮਨ ਵਿੱਚ ਬਦਲੀਆਂ ਨਜ਼ਰ ਆਇਆ ਹਨ। ਈਸ਼ਵਰਵਾਦ ਦੇ ਝੰਡੇ ਲਹਿਰਾਉਂਦੇ ਅਤੇ ਦਵੈਤਵਾਦ ਖਤਮ ਹੁੰਦਾ ਨਜ਼ਰ ਆਇਆ ਹੈ। ਨਬੁੱਵਤ ਦੇ ਕੰਮਾਂ ਦੀ ਪੂਰਤੀ ਮੁੜ ਬਹਾਲ ਹੁੰਦੀ ਜਾਪਦੀ ਹੈ।

ਇਸ ਬਖਸ਼ਿਸ਼ ਲਈ ਅਸੀਂ ਰੱਬ ਦਾ ਜਿੰਨਾ ਵੀ ਧੰਨਵਾਦ ਕਰੀਏ ਉਹ ਘੱਟ ਹੈ। ਇਸ ਸੰਬੰਧ ਵਿੱਚ ਸਾਡੀ ਪਹਿਲੀ ਜ਼ਿੰਮੇਦਾਰੀ ਇਹ ਹੈ ਕਿ ਅਸੀਂ ਰੱਬ ਦੇ ਇਸ ਇਨਾਮ ਦੀ ਮਹੱਤਤਾ ਦੀ ਸਹੀ ਸਮਝ ਅਤੇ ਸੋਝ ਪੈਦਾ ਕਰੀਏ ਅਤੇ ਇਸ ਦੀ ਕਦਰ ਆਪਣੇ ਦਿਲੋਂ ਕਰੀਏ ਅਤੇ ਖ਼ਿਲਾਫ਼ਤ ਦੇ ਆਗਿਆਕਾਰ ਬਣੀਏ।

ਖ਼ਿਲਾਫ਼ਤੇ ਅਹਮਦੀਆ ਦੀਆਂ ਬਰਕਤਾਂ ਜਾਰੀ ਹਨ। ਉਸ ਆਸਮਾਨੀ ਨਿਜ਼ਾਮ ਨੂੰ ਉਸ ਤੋਂ ਲਾਭ ਚੁੱਕਣ ਲਈ ਸਮਝਣ ਅਤੇ ਉਸ ਦੇ ਉੱਚ ਸਥਾਨ ਨੂੰ ਪਛਾਣਨ ਦੀ ਲੋੜ੍ਹ ਹੈ। ਖ਼ਿਲਾਫ਼ਤੇ ਅਹਮਦੀਆ ਨਾਲ ਇਮਾਨਦਾਰੀ, ਵਫ਼ਾਦਾਰੀ ਅਤੇ ਪਿਆਰ ਦਾ ਅਜਿਹਾ ਰਿਸ਼ਤਾ ਕਾਇਮ ਕਰਨ ਦੀ ਲੋੜ੍ਹ ਹੈ। ਜਿਸ ਦੀ ਮਿਸਾਲ ਕਿਸੇ ਸੰਸਾਰਿਕ ਰਿਸ਼ਤੇ ਵਿੱਚ ਨਹੀਂ ਪਾਈ ਜਾਂਦੀ ਹੋਵੇ। ਜੇਕਰ ਅਸੀਂ ਇਸ ਨਾਲ ਜੁੜੀਆਂ ਸ਼ਰਤਾਂ ਦੀ ਪਾਲਣਾ ਕਰਦੇ ਹਾਂ ਤਾਂ ਨ ਕੇਵਲ ਸਾਨੂੰ ਇਸ ਦਾ ਲਾਭ ਹੋਵੇਗਾ। ਸਗੋਂ ਸਾਡੀ ਪੀੜ੍ਹੀਆਂ ਇਸ ਦਾ ਲਾਭ ਚੁੱਕਣਗੀਆਂ।

## ਖ਼ਿਲਾਫ਼ਤ ਦਾ ਵੱਡਮੁਲ੍ਹਾ ਸਥਾਨ

ਖ਼ਿਲਾਫ਼ਤੇ ਅਹਮਦੀਆ ਦੀ ਮਹੱਤਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਆਕਾਸ਼ੀ ਅਗਵਾਈ, ਪੈਗੰਬਰ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਉਸ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਰੱਬ ਦੀ ਸਦੀਵੀਂ ਮਦਦ ਦੇ ਵਚਨਾਂ ਨਾਲ ਸਥਾਪਿਤ ਕੀਤੀ ਗਈ ਹੈ ਸੋ, ਸਫ਼ਲਤਾਵਾਂ ਹਰ ਕਦਮ ਉੱਤੇ ਮਿਲਦੀਆਂ ਰਹਿੰਦੀਆਂ ਹਨ ਅਤੇ ਇੱਕ ਸੰਸਾਰ ਹੈਰਾਨ ਰਹਿ ਜਾਂਦਾ ਹੈ ਕਿ ਕਿਹੜੀ ਸ਼ਕਤੀ ਹੈ ਜੋ ਉਸ ਦੇ ਕੰਮਾਂ ਨੂੰ ਚਲਾਉਣ ਵਿੱਚ ਸਹਾਇਤਾ ਕਰਦੀ ਹੈ । ਸੋ, ਜਿਸ ਵਿਅਕਤੀ ਨੂੰ ਖ਼ਿਲਾਫ਼ਤ ਦੀ ਪਦਵੀ ਦਿੱਤੀ ਜਾਂਦੀ ਹੈ । ਉਹ ਨਬੀ ਦੀ ਰੋਸ਼ਨੀ ਦਾ ਪ੍ਰਤੀਬਿੰਬ ਹੁੰਦਾ ਹੈ। ਉਹ ਆਪਣੇ ਅੰਦਰ ਪੈਗੰਬਰ ਦੇ ਗੁਣ ਅਤੇ ਖ਼ੂਬੀਆਂ ਰੱਖਦਾ ਹੈ । ਰੱਬ ਆਪ ਹੀ ਖ਼ਲੀਫ਼ਾ ਬਣਾਉਂਦਾ ਹੈ । ਭਾਵੇਂ ਉਹਨਾਂ ਨੂੰ ਪਵਿੱਤਰ ਲੋਕਾਂ ਦੀ ਜਮਾਅਤ ਚੁਣਦੀ ਹੈ । ਇਹ ਰੱਬ ਦੁਆਰਾ ਦਿੱਤੀ ਗਈ ਇੱਕ ਪਦਵੀ ਹੈ। ਜਿਸ ਤੋਂ ਕੋਈ ਵਿਅਕਤੀ ਕਦੇ ਵੀ ਇੰਨਕਾਰ ਨਹੀਂ ਕਰ ਸਕਦਾ ਅਤੇ ਨ ਹੀ ਉਸ ਨੂੰ ਕੋਈ ਹਟਾ ਸਕਦਾ ਹੈ । ਰੱਬ ਅਜਿਹੇ ਵਿਅਕਤੀ ਦਾ ਗੁਰੂ ਬਣ ਜਾਂਦਾ ਹੈ ਅਤੇ ਉਸ ਨੂੰ ਗਿਆਨ ਨਾਲ ਬਖਸ਼ਦਾ ਹੈ । ਜਿੱਥੇ ਸ਼ਰਧਾਲੂਆਂ ਦੇ ਦਿਲਾਂ ਵਿੱਚ ਉਹ ਆਪਣਾ ਸਨੇਹ ਅਤੇ ਪ੍ਰੇਮ ਪੈਦਾ ਕਰਦਾ ਹੈ। ਉੱਥੇ ਉਹ ਉਨ੍ਹਾਂ ਦੇ ਦਿਲ੍ਹਾਂ ਵਿੱਚ ਉਨ੍ਹਾਂ ਲਈ ਨਰਮੀ ਅਤੇ ਕੋਮਲਤਾ ਵੀ ਪੈਦਾ ਕਰਦਾ ਹੈ। ਜਿਸ ਕਰਕੇ ਉਹ ਉਨ੍ਹਾਂ ਦੇ ਦੁੱਖਾਂ ਉੱਤੇ ਦੁੱਖੀ ਹੁੰਦਾ ਅਤੇ ਤੜ੍ਹਪਦਾ ਹੈ ਅਤੇ ਉਨ੍ਹਾਂ ਲਈ ਅਰਦਾਸ ਕਰਦਾ ਹੈ ਉਸ ਨੂੰ ਦੁਆ ਕਬੂਲ ਹੋਣ ਦਾ ਚਿੰਨ੍ਹ ਦਿੱਤਾ ਜਾਂਦਾ ਹੈ। ਉਸ ਨੂੰ ਇੱਕ ਅਸਾਧਾਰਨ ਦਬਦਬਾ ਦਿੱਤਾ ਗਿਆ ਹੈ । ਸੰਸਾਰ ਵਿੱਚ ਵਸਦੇ ਲੋਕਾਂ ਰਾਹੀਂ ਉਸ ਦੀ ਪਾਲਣਾ ਕੀਤੀ ਜਾਂਦੀ ਹੈ । ਜਿਸ ਦੀ ਆਗਿਆਕਾਰੀ ਕਰਨਾ ਮੋਮਿਨਾਂ ਦਾ ਫ਼ਰਜ਼ ਹੈ ਅਤੇ ਉਸ ਤੋਂ ਭਟਕਦੇ ਹੋਏ ਮਰਨਾ ਅਗਿਆਨਤਾ ਦੀ ਮੌਤ ਹੈ। ਉਸ ਪ੍ਰਤੀ ਵਚਨਬੱਧਤਾ ਰੱਬ ਅਤੇ ਉਸ ਦੇ ਰਸੂਲ ਪ੍ਰਤੀ ਵਚਨਬੱਧਤਾ ਹੈ। ਖ਼ਲੀਫ਼ਾ ਆਪਣੇ ਸਮੇਂ ਵਿੱਚ ਧਰਤੀ ਉੱਤੇ ਰੱਬ ਦਾ ਸਭ ਤੋਂ ਪਿਆਰਾ ਸੇਵਕ ਅਤੇ ਪ੍ਰਤੀਨਿੱਧ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਖ਼ਿਲਾਫ਼ਤ ਦੇ ਮੁਕਾਮ ਦੀ ਹਕੀਕਤ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ :

' ਖ਼ਲੀਫ਼ਾ ਅਸਲ ਵਿੱਚ ਰਸੂਲ ਦਾ ਪਰਛਾਵਾਂ ਹੈ ਅਤੇ ਕਿਉਂਕਿ ਕਿਸੇ ਵੀ ਮਨੁੱਖ ਲਈ ਸਦਾ ਦੀ ਜ਼ਿੰਦਗੀ ਨਹੀਂ ਹੈ। ਸੋ, ਰੱਬ ਨੇ ਰਸੂਲਾਂ ਦੀ ਹੋਂਦ ਨੂੰ ਪਰਛਾਵੇਂ ਵੱਜੋਂ ਕਯਾਮਤ ਤੱਕ ਕਾਇਮ ਰੱਖਣ ਦਾ ਇਰਾਦਾ ਕੀਤਾ ਹੈ, ਜੋ ਸੰਸਾਰ ਦੇ ਸਾਰੇ ਜੀਵਾਂ ਵਿੱਚੋਂ ਸਭ ਤੋਂ ਉੱਚੇ ਅਤੇ ਉੱਤਮ ਹਨ। ਸੋ, ਇਸੇ ਉਦੇਸ਼ ਲਈ ਰੱਬ ਨੇ ਖ਼ਿਲਾਫ਼ਤ ਨੂੰ ਚੁਣਿਆ ਹੈ ਤਾਂ ਜੋ ਸੰਸਾਰ ਕਦੇ ਵੀ ਨਬੀ ਦੀਆਂ ਬਰਕਤਾਂ ਤੋਂ ਵਾਂਞਾ ਨਾ ਰਹੇ।'

(ਸ਼ਹਾਦਤੁੱਲ-ਕੁਰਆਨ ਪੰਨਾ 57, ਰੂਹਾਨੀ ਖਜ਼ਾਇਨ ਭਾਗ 6 ਪੰਨਾ 353)

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ :

' ਖ਼ੂਬ ਯਾਦ ਰੱਖੋ ਕਿ ਖ਼ਲੀਫ਼ਾ ਰੱਬ ਬਣਾਉਂਦਾ ਹੈ ਅਤੇ ਜੋ ਇਹ ਕਹਿੰਦਾ ਹੈ ਕਿ ਖ਼ਲੀਫ਼ਾ ਮਨੁੱਖਾਂ ਰਾਹੀਂ ਨਿੱਯੁਕਤ ਕੀਤਾ ਜਾਂਦਾ ਹੈ, ਉਹ ਝੂੱਠਾ ਹੈ ਸੱਚਮੁੱਚ ਪਵਿੱਤਰ ਕੁਰਆਨ ਉੱਤੇ ਧਿਆਨ ਨਾਲ ਵਿਚਾਰ ਕਰਨ ਉੱਤੇ ਗਿਆਤ ਹੁੰਦਾ ਹੈ ਕਿ ਕਿੱਥੇ ਵੀ ਖ਼ਿਲਾਫ਼ਤ ਦਾ ਇਸ਼ਾਰਾ ਮਨੁੱਖਾਂ ਵੱਲ੍ਹ ਨਹੀਂ ਕੀਤਾ ਗਿਆ। ਸਗੋਂ ਹਰ ਕਿਸਮ ਦੇ ਖ਼ਲੀਫ਼ਾ ਬਾਰੇ ਰੱਬ ਨੇ ਇਹੋ ਕਿਹਾ ਹੈ ਕਿ ' ਅਸੀਂ ਉਹਨਾਂ ਨੂੰ ਸਾਜਦੇ ਹਾਂ।'

(ਕੌਣ ਹੈ ਜੋ ਰੱਬ ਦੇ ਕੰਮ ਨੂੰ ਰੋਕ ਸਕਦਾ ਹੈ ?, ਅਨਵਾਰੁੱਲ-ਉਲੂਮ ਭਾਗ 2 ਪੰਨਾ 11)

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ " ਨਬੁੱਵਤ ਮਗਰੋਂ ਸਭ ਤੋਂ ਵੱਡਾ ਮੁਕਾਮ ਇਹੋ ਹੈ। ਇੱਕ ਵਿਅਕਤੀ ਨੇ ਮੈਨੂੰ ਕਿਹਾ ਕਿ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਸਰਕਾਰ ਤੁਹਾਨੂੰ ਕੋਈ ਖ਼ਿਤਾਬ ਦੇਵੇ। ਮੈਂ ਕਿਹਾ ਇਹ ਖ਼ਿਤਾਬ ਤਾਂ ਮਾਮੂਲੀ ਗੱਲ ਹੈ। ਮੈਂ 'ਸ਼ਹਨਸ਼ਾਹੇ ਆਲਮ' ਦੀ ਪਦਵੀ ਨੂੰ ਵੀ ਖ਼ਿਲਾਫ਼ਤ ਨਾਲੋਂ ਨੀਵਾਂ ਸਮਝਦਾ ਹਾਂ। ਸੋ, ਮੈਂ ਤੁਹਾਨੂੰ ਨਸੀਹਤ ਕਰਦਾ ਹਾਂ ਕਿ ਤੁਸੀਂ ਆਪਣੇ ਕੰਮਾਂ ਵਿੱਚ ਅਜਿਹਾ ਰੰਗ ਅਪਣਾਓ। ਜਿਸ ਵਿੱਚ ਸੰਜਮਤਾ ਅਤੇ ਸਤਿਕਾਰ ਹੋਵੇ ਅਤੇ ਮੈਂ ਕਦੇ ਇਹ ਵੀ ਨਹੀਂ ਚਾਹੁੰਦਾ ਕਿ ਸਾਡੇ ਉਹ ਦੋਸਤ ਵੀ ਵਿਅਰਥ ਜਾਣ

ਜੋ ਸਵਾਲ ਕਰਦੇ ਹਨ। ਕਿਉਂਕਿ ਖ਼ਿਲਾਫ਼ਤ ਦੇ ਅਹੁਦੇ ਦੇ ਹਿਸਾਬ ਨਾਲ ਵੱਡੀ ਉਮਰ ਦੇ ਲੋਕ ਵੀ ਮੇਰੇ ਲਈ ਬੱਚਿਆਂ ਵਰਗੇ ਹਨ ਅਤੇ ਕੋਈ ਪਿਤਾ ਨਹੀਂ ਚਾਹੁੰਦਾ ਕਿ ਉਸ ਦਾ ਇੱਕ ਪੁੱਤਰ ਵੀ ਬਰਬਾਦ ਹੋਵੇ।"

(ਅਨਵਾਰੁੱਲ-ਉਲੂਮ ਭਾਗ 9 ਪੰਨਾ 425-426)

ਬੇਸ਼ੱਕ ਲੋਕ ਹੀ ਖ਼ਲੀਫ਼ਾ ਚੁਣਦੇ ਹਨ। ਪਰ ਉਸ ਦੀ ਚੋਣ ਨੂੰ ਰੱਬ ਆਪਣੇ ਰਾਹੀਂ ਕੀਤੀ ਗਈ ਚੋਣ ਕਹਿੰਦਾ ਹੈ ਅਤੇ ਚੋਣ ਦੀ ਇਸ ਵਿਧੀ ਰਾਹੀਂ ਪੈਗੰਬਰਾਂ ਅਤੇ ਖ਼ੁਲਫ਼ਾ ਵਿੱਚ ਅੰਤਰ ਹੋ ਜਾਂਦਾ ਹੈ। ਜੇਕਰ ਰੱਬ ਸਿੱਧੇ ਤੌਰ ਉੱਤੇ ਕਿਸੇ ਨੂੰ ਖ਼ਲੀਫ਼ਾ ਚੁਣਦਾ ਅਤੇ ਕਹਿੰਦਾ ਕਿ ਮੈਂ ਤੈਨੂੰ ਖ਼ਲੀਫ਼ਾ ਬਣਾਉਂਦਾ ਹਾਂ ਤਾਂ ਉਸ ਖ਼ਲੀਫ਼ਾ ਅਤੇ ਪੈਗੰਬਰ ਵਿੱਚ ਕੋਈ ਫ਼ਰਕ ਨਹੀਂ ਰਹਿੰਦਾ। ਸੋ, ਪੈਗੰਬਰ ਦੀ ਚੋਣ ਰੱਬ ਨੇ ਵਿਸ਼ੇਸ਼ ਤੌਰ ਉੱਤੇ ਆਪਣੇ ਲਈ ਰੱਖੀ ਅਤੇ ਖ਼ਲੀਫ਼ਾ ਦੀ ਚੋਣ ਬੰਦੀਆਂ ਰਾਹੀ ਰੱਖੀ। ਸੋ, ਇੰਞ ਰੱਬ ਬੰਦੀਆਂ ਰਾਹੀ ਆਪਣੀ ਇੱਛਾ ਅਨੁਸਾਰ ਖ਼ਲੀਫ਼ਾ ਦਾ ਚੋਣ ਕਰਵਾਉਂਦਾ ਹੈ ਅਤੇ ਉਸ ਦੀ ਮਦਦ ਅਤੇ ਸਹਾਇਤਾ ਦਾ ਵਚਨ ਦਿੰਦਾ ਹੈ।"

(ਖ਼ਿਲਾਫ਼ਤ ਅਲਾ ਮਿਨਹਾਜੁਨੱਬੁੱਵਾਹ ਭਾਗ 3 ਪੰਨਾ 593)

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ :

" ਖ਼ਿਲਾਫ਼ਤ ਇੱਕ ਰੱਬੀ ਇਨਾਮ ਹੈ। ਕੋਈ ਨਹੀਂ ਜੋ ਇਸ ਵਿੱਚ ਰੋਕ ਬਣ ਸਕੇ। ਉਹ ਰੱਬੀ ਨੂਰ ਦੀ ਸਥਾਪਨਾ ਦਾ ਇੱਕ ਸਾਧਨ ਹੈ। ਜੋ ਉਸ ਨੂੰ ਮਿਟਾਉਣਾ ਚਾਹੁੰਦਾ ਹੈ। ਉਹ ਰੱਬ ਦੇ ਨੂਰ ਨੂੰ ਮਿਟਾਉਣਾ ਚਾਹੁੰਦਾ ਹੈ। ਹਾਂ, ਉਹ ਇੱਕ ਵਚਨ ਹੈ। ਜੋ ਪੂਰਾ ਤਾਂ ਜ਼ਰੂਰ ਕੀਤਾ ਜਾਂਦਾ ਹੈ। ਪਰ ਉਸ ਦੇ ਸਮੇਂ ਦੀ ਲੰਬਾਈ ਮੋਮਿਨਾਂ ਦੀ ਸੁਹਿਰਦਤਾ ਅਤੇ ਵਫ਼ਾਦਾਰੀ ਨਾਲ ਸੰਬੰਧਿਤ ਹੈ।"

(ਖ਼ਿਲਾਫ਼ਤ ਅਲਾ ਮਿਨਹਾਜੁਨੱਬੁੱਵਾਹ ਭਾਗ 3 ਪੰਨਾ 420-421)

ਇਸੇ ਪ੍ਰਕਾਰ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ ਕਿ

" ਉਹ ਖ਼ਲੀਫ਼ਾ ਜੋ ਰੱਬ ਦੇ ਰਸੂਲ ਦੇ ਉੱਤਰਾਧਿਕਾਰੀ ਹੁੰਦੇ ਹਨ। ਉਹਨਾਂ ਦਾ ਇੰਨਕਾਰ ਕਰਨਾ ਅਤੇ ਉਹਨਾਂ ਉੱਤੇ ਹੱਸਣਾ ਕੋਈ ਆਮ ਗੱਲ੍ਹ ਨਹੀਂ ਉਹ ਮੋਮਿਨ ਨੂੰ ਵੀ ਅਪਰਾਧੀ ਬਣਾ ਦਿੰਦੀ ਹੈ। ਸੋ, ਇਹ ਨਾ ਸਮਝੋ ਕਿ

ਤੁਹਾਡਾ ਆਪਣੀ ਜ਼ੁਬਾਨਾਂ ਅਤੇ ਲਿੱਖਤਾਂ ਉੱਤੇ ਕਾਬੂ ਨ ਰੱਖਣਾ । ਚੰਗੇ ਨਤੀਜੇ ਅਤੇ ਸਿੱਟੇ ਕੱਢੇਗਾ । ਰੱਬ ਫ਼ਰਮਾਉਂਦਾ ਹੈ ਕਿ ਮੈਂ ਅਜਿਹੇ ਲੋਕਾਂ ਨੂੰ ਆਪਣੀ ਜਮਾਅਤ ਤੋਂ ਵੱਖ ਕਰਾਂਗਾ । ਫ਼ਾਸਿਕ ਦਾ ਅਰਥ ਹੈ ਰੱਬ ਨਾਲ ਕੋਈ ਸੰਬੰਧ ਨ ਹੋਣਾ । ਇਸ ਨੂੰ ਖ਼ੂਬ ਯਾਦ ਰੱਖੋ ਕਿ ਜੋ ਵਿਅਕਤੀ ਰੱਬ ਰਾਹੀਂ ਕੀਤੇ ਪ੍ਰਬੰਧ ਦੀ ਕਦਰ ਨਹੀਂ ਕਰਦਾ ਅਤੇ ਇਸ ਪ੍ਰਬੰਧ ਉੱਤੇ ਕੋਈ ਇਤਰਾਜ਼ ਕਰਦਾ ਹੈ ਅਤੇ ਜੋ ਕੋਈ ਉਸ ਬਾਰੇ ਬੋਲਣ ਸਮੇਂ ਆਪਣੇ ਸ਼ਬਦਾਂ ਉੱਤੇ ਨਜ਼ਰ ਨਹੀਂ ਰੱਖਦਾ । ਯਾਦ ਰੱਖੋ ਕਿ ਉਹ ਇੰਨਕਾਰੀ ਹੋ ਕੇ ਮਰੇਗਾ

(ਖ਼ਿਲਾਫ਼ਤ ਅਲਾ ਮਿਨਹਾਜੁਨੱਬੁੱਵਾਹ ਭਾਗ 3 ਪੰਨਾ 8-9)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਲਿਸ ਰਹਿਮਾਹੁੱਲਾਹ ਬਿਆਨ ਕਰਦੇ ਹਨ

" ਸਮੇਂ ਦਾ ਖ਼ਲੀਫ਼ਾ ਸਾਰੇ ਸੰਸਾਰ ਦਾ ਗੁਰੂ ਹੈ ਅਤੇ ਜੇਕਰ ਇਹ ਸੱਚ ਹੈ ਅਤੇ ਬਿਲਕੁੱਲ ਸੱਚ ਹੈ ਤਾਂ ਸੰਸਾਰ ਦੇ ਵਿਧਵਾਨ ਅਤੇ ਦਾਰਸ਼ਨਿਕ ਉਸ ਦੇ ਚੇਲੇ ਬਣ ਕੇ ਹੀ ਉਸ ਦੇ ਸਾਮ੍ਹਣੇ ਆਉਣਗੇ । ਉਹ ਅਧਿਆਪਕ ਵੱਜੋਂ ਉਸ ਦੇ ਸਾਮ੍ਹਣੇ ਨਹੀਂ ਆਉਣਗੇ । (ਅਲ-ਫ਼ਜ਼ਲ 21 ਦਸੰਬਰ 1966)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ :

'...ਇਹ ਤਾਂ ਹੋ ਸਕਦਾ ਹੈ ਕਿ ਖ਼ਲੀਫ਼ਾ ਤੋਂ ਨਿੱਜੀ ਮਾਮਲਿਆਂ ਵਿੱਚ ਕੋਈ ਗਲਤੀ ਹੋ ਜਾਵੇ। ਪਰ ਉਹਨਾਂ ਮਾਮਲਿਆਂ ਵਿੱਚ ਜਿੰਨ੍ਹਾਂ ਉੱਤੇ ਜਮਾਅਤ ਦਾ ਅਧਿਆਤਮਿਕ ਅਤੇ ਸ਼ਰੀਰਕ ਵਿਕਾਸ ਨਿਰਭਰ ਕਰਦਾ ਹੈ। ਜੇਕਰ ਉਸ ਤੋਂ ਕੋਈ ਗਲਤੀ ਹੋ ਵੀ ਜਾਵੇ ਤਾਂ ਰੱਬ ਆਪਣੀ ਜਮਾਅਤ ਦੀ ਰਾਖੀ ਕਰਦਾ ਹੈ ਅਤੇ ਇਸ ਗਲਤੀ ਬਾਰੇ ਕਿਸੇ ਨ ਕਿਸੇ ਰੂਪ ਵਿੱਚ ਉਸ ਨੂੰ ਸੂਚਿਤ ਕਰ ਦਿੰਦਾ ਹੈ। ਸੂਫ਼ੀ ਇਸ ਨੂੰ 'ਇਸਮਤੇ ਸੁਗ਼ਰਾ' ਆਖਦੇ ਹਨ ਭਾਵੇਂ ਪੈਗੰਬਰਾਂ ਨੂੰ 'ਇਸਮਤੇ ਕੁਬਰਾ' ਹਾਸਿਲ ਹੁੰਦੀ ਹੈ। ਪਰ ਖ਼ਲੀਫ਼ਾ ਨੂੰ 'ਇਸਮਤੇ ਸੁਗ਼ਰਾ' ਹਾਸਿਲ ਹੁੰਦੀ ਹੈ ਅਤੇ ਰੱਬ ਉਹਨਾਂ ਤੋਂ ਕੋਈ ਅਜਿਹੀ ਵੱਡੀ ਗਲਤੀ ਨਹੀਂ ਹੋਣ ਦਿੰਦਾ । ਜੋ ਜਮਾਅਤ ਲਈ ਤਬਾਹੀ

ਦਾ ਕਾਰਨ ਬਣ ਜਾਵੇ। ਉਹਨਾਂ ਦੇ ਫੈਸਲਿਆਂ ਵਿੱਚ ਛੋਟੀ ਮੋਟੀ ਗਲਤੀ ਹੋ ਸਕਦੀ ਹੈ। ਪਰ ਅੰਤ ਵਿੱਚ ਨਤੀਜਾ ਇਹੋ ਹੋਵੇਗਾ ਕਿ ਇਸਲਾਮ ਗ਼ਾਲਿਬ ਹੋ ਜਾਵੇਗਾ ਅਤੇ ਉਸ ਦੇ ਵਿਰੋਧੀ ਹਾਰ ਜਾਣਗੇ। ਉਹਨਾਂ ਨੂੰ ਇਸਮਤੇ ਸੁਗਰਾ ਹਾਸਿਲ ਹੋਵੇਗੀ। ਰੱਬ ਦੀ ਨੀਤੀ ਵੀ ਉਹਨਾਂ ਅਨੁਸਾਰ ਹੋ ਜਾਵੇਗੀ। ਬੋਲਣ ਵਾਲੇ ਉਹੀ ਹੋਣਗੇ, ਜ਼ੁਬਾਨਾਂ ਉਹਨਾਂ ਦੀ ਹੀ ਹਿਲਣਗੀਆਂ, ਹੱਥ ਉਹਨਾਂ ਦੇ ਹੀ ਕੰਮ ਕਰਨਗੇ, ਦਮਾਗ਼ ਉਹਨਾਂ ਦੇ ਹੀ ਕੰਮ ਕਰਨਗੇ, ਪਰ ਉਹਨਾਂ ਦੇ ਪਿੱਛੇ ਰੱਬ ਦਾ ਆਪਣਾ ਹੱਥ ਹੋਵੇਗਾ। ਉਹਨਾਂ ਤੋਂ ਉਹਨਾਂ ਦੀ ਕਿਸੇ ਗੱਲ੍ਹ ਦੇ ਕਿਸੇ ਹਿੱਸੇ ਸੰਬੰਧੀ ਮਾਮੂਲੀ ਗਲਤੀ ਹੋ ਸਕਦੀ ਹੈ। ਕਈ ਵਾਰ ਉਹਨਾਂ ਦੇ ਸਲਾਹਕਾਰ ਵੀ ਉਹਨਾਂ ਨੂੰ ਗ਼ਲਤ ਸਲਾਹ ਦੇ ਸਕਦੇ ਹਨ। ਪਰ ਉਹ ਇਹਨਾਂ ਵਿੱਚਕਾਰਲੀ ਰੁਕਾਵਟਾਂ ਨੂੰ ਪਾਰ ਕਰਕੇ ਸਫ਼ਲਤਾ ਪ੍ਰਾਪਤ ਕਰਨਗੇ ਅਤੇ ਜੱਦ ਸਾਰੀਆਂ ਕੜੀਆਂ ਜੁੜ ਕੇ ਇੱਕ ਜ਼ੰਜ਼ੀਰ ਬਣੇਗੀ। ਤੱਦ ਉਹ ਸਹੀ ਹੋਵੇਗੀ ਅਤੇ ਅਜਿਹੀ ਮਜ਼ਬੂਤ ਹੋਵੇਗੀ ਕਿ ਕੋਈ ਤਾਕਤ ਉਸ ਨੂੰ ਤੋੜ ਨਹੀਂ ਸਕਦੀ।'

(ਖੁਤਬਾਤੇ ਮਸਰੂਰ ਭਾਗ 1 ਪੰਨਾ 341-343, ਤਫ਼ਸੀਰੇ ਕਬੀਰ ਭਾਗ 6 ਪੰਨਾ 376-377)

ਸੋ, ਪਤਾ ਲੱਗਿਆ ਕਿ ਖ਼ਿਲਾਫ਼ਤ ਦੇ ਨਿਜ਼ਾਮ ਦੇ ਉਸ ਮਹਾਨ ਅਤੇ ਉੱਚੇ ਮੁਕਾਮ ਅਤੇ ਸਥਾਨ ਦੇ ਅਨੁਸਾਰ ਮੋਮਿਨਾਂ ਦੀ ਸਭ ਤੋਂ ਮਹੱਤਵਪੂਰਨ ਅਤੇ ਮੁੱਢਲੀ ਜ਼ਿੰਮੇਦਾਰੀ ਖ਼ਿਲਾਫ਼ਤ ਨਾਲ ਵਚਨਬੱਧਤਾ ਅਤੇ ਖ਼ਲੀਫ਼ਾ ਦੀ ਹਰ ਪ੍ਰਕਾਰ ਨਾਲ ਆਗਿਆਕਾਰੀ ਹੈ। ਜੱਦ ਇਹ ਗੱਲ੍ਹ ਨਿਸ਼ਚਿਤ ਅਤੇ ਯਕੀਨੀ ਹੈ ਕਿ ਖ਼ਲੀਫ਼ਾ ਰੱਬ ਬਣਾਉਂਦਾ ਹੈ ਅਤੇ ਜਿਸ ਨੂੰ ਖ਼ਲੀਫ਼ਾ ਬਣਾਇਆ ਜਾਂਦਾ ਹੈ। ਉਹ ਸੰਸਾਰ ਵਿੱਚ ਰੱਬ ਦਾ ਪ੍ਰਤੀਨਿੱਧ ਅਤੇ ਸਭ ਤੋਂ ਪਿਆਰਾ ਵਿਅਕਤੀ ਹੁੰਦਾ ਹੈ ਤਾਂ ਫ਼ਿਰ ਇਹਨਾਂ ਗੱਲਾਂ ਦੀ ਮੰਗ ਹੈ ਕਿ ਅਜਿਹੇ ਪਵਿੱਤਰ ਮਨੁੱਖ ਨਾਲ ਤਨ ਮਨ ਨਾਲ ਪਿਆਰ ਕੀਤਾ ਜਾਵੇ ਅਤੇ ਆਪਣੇ ਆਪ ਨੂੰ ਉਸ ਦੇ ਮਾਰਗ ਵਿੱਚ ਕੁਰਬਾਨ ਕੀਤਾ ਜਾਵੇ। ਇਹ ਵਿਸ਼ਾ ਸੂਰਾਤੁੱਨੂਰ ਦੀ ਆਇਤ ਇਸਤਖ਼ਲਾਫ਼[1] ਦੇ ਅਧਿਐਨ ਨਾਲ ਚੰਗੀ

[1] ਅਰਥਾਤ ਸੂਰਾਤੁੱਨੂਰ ਆਇਤ ਨੰਬਰ 56 ਅਨੁਵਾਦਕ

ਤਰ੍ਹਾਂ ਰੋਸ਼ਨ ਹੋ ਜਾਂਦਾ ਹੈ। ਜਿੱਥੇ ਖ਼ਿਲਾਫ਼ਤ ਦੇ ਵਿਸ਼ੇ ਤੋਂ ਪਹਿਲਾਂ ਰੱਬ ਨੇ ਰਸੂਲ ਦੀ ਆਗਿਆ ਮੰਨਣ ਦਾ ਹੁਕਮ ਦਿੱਤਾ ਅਤੇ ਖ਼ਿਲਾਫ਼ਤ ਦਾ ਜ਼ਿਕਰ ਕਰਨ ਮਗਰੋਂ ਰਸੂਲ ਦੀ ਆਗਿਆ ਮੰਨਣ ਦਾ ਜ਼ਿਕਰ ਮੌਜੂਦ ਹੈ ਅਤੇ ਇਹ ਕੋਈ ਸੰਯੋਗ ਵਾਲੀ ਗੱਲ੍ਹ ਨਹੀਂ। ਸਗੋਂ ਇਸ ਵਿੱਚ ਇਹ ਮਹਾਨ ਨੁਕਤਾ ਛੁੱਪਿਆ ਹੋਇਆ ਹੈ ਕਿ ਖ਼ਲੀਫ਼ਾ ਦਾ ਹੁਕਮ ਮੰਨਣਾ ਅਸਲ ਵਿੱਚ ਰਸੂਲ ਦਾ ਹੁਕਮ ਮੰਨਣਾ ਹੈ ਅਤੇ ਰਸੂਲ ਨੂੰ ਮੰਨਣ ਦਾ ਲਾਜ਼ਮੀ ਨਤੀਜਾ ਇਹ ਹੋਣਾ ਚਾਹੀਦਾ ਹੈ ਕਿ ਉਸ ਦੇ ਖ਼ਲੀਫ਼ਾ ਦੀ ਆਗਿਆਕਾਰੀ ਵੀ ਉਸੇ ਵਫ਼ਾਦਾਰੀ ਅਤੇ ਜੋਸ਼ ਨਾਲ ਕੀਤੀ ਜਾਵੇ। ਜਿੰਨ੍ਹਾਂ ਰਸੂਲ ਦੀ ਆਗਿਆ ਮੰਨਣ ਦਾ ਹੱਕ ਹੈ।

ਖ਼ਲੀਫ਼ਾ ਨਾਲ ਵਚਨਬੱਧਤਾ ਦੀ ਮਹੱਤਤਾ ਅਤੇ ਕਰਤੱਵ ਦਾ ਜ਼ਿਕਰ ਕਰਦੇ ਹੋਏ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀ ਇਸ ਹੁਕਮੀ ਹਦੀਸ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਜਿਸ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਫ਼ਰਮਾਉਂਦੇ ਹਨ :

رَأَيْتَ يَوْمَئِذٍ خَلِيفَةَ اللهِ فِي الْأَرْضِ فَالْزِمْهُ وَإِنْ نُهِكَ جِسْمُكَ وَأُخِذَ مَالُكَ

(ਮਸਨਦ ਅਹਮਦ ਬਿਨ ਹੰਬਲ ਹਦੀਸ 22333)

ਅਰਥਾਤ : ਜੇਕਰ ਤੁਸੀਂ ਵੇਖਦੇ ਹੋ ਕਿ ਰੱਬ ਦਾ ਖ਼ਲੀਫ਼ਾ ਧਰਤੀ ਉੱਤੇ ਮੌਜੂਦ ਹੈ ਤਾਂ ਉਸ ਨਾਲ ਜੁੜ੍ਹ ਜਾਓ। ਭਾਵੇਂ ਤੁਹਾਡਾ ਸਰੀਰ ਟੋਟੇ ਟੋਟੇ ਕਰ ਦਿੱਤਾ ਜਾਵੇ ਅਤੇ ਤੁਹਾਡਾ ਧਨ ਖੋਹ ਲਿਆ ਜਾਵੇ।

ਇਸ ਹਦੀਸ ਤੋਂ ਸਪਸ਼ਟ ਹੈ ਕਿ ਖ਼ਿਲਾਫ਼ਤ ਹੀ ਅਸਲ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਕੀਮਤੀ ਖ਼ਜ਼ਾਨਾ ਹੈ। ਖ਼ਿਲਾਫ਼ਤ ਹੀ ਜਾਨ ਅਤੇ ਮਾਲ ਤੋਂ ਵੱਧ ਕੀਮਤੀ ਦੌਲਤ ਹੈ। ਸੋ, ਜੱਦ ਇਹ ਦੌਲਤ ਰੱਬ ਵੱਲੋਂ ਕਿਸੇ ਜਮਾਅਤ ਨੂੰ ਦਿੱਤੀ ਜਾਂਦੀ ਹੈ ਤਾਂ ਉਸ ਨਾਲ ਚਿੰਬੜਨਾ ਅਤੇ ਹਰ ਹਾਲ ਵਿੱਚ ਚਿਮਟੇ ਰਹਿਣਾ ਹੀ ਜੀਵਨ ਅਤੇ ਜ਼ਿੰਦਗੀ ਦੀ ਗਾਰੰਟੀ ਹੈ।

## ਖ਼ਿਲਾਫ਼ਤ ਦੀਆਂ ਬਰਕਤਾਂ

- ਧਰਮ ਦਾ ਸ਼ਕਤੀਕਰਨ
- ਅਮਨ ਦੀ ਸਥਾਪਨਾ
- ਰੱਬ ਦੀ ਨਿਰੋਲ ਭਗਤੀ ਦੀ ਸੱਚੀ ਸਥਾਪਨਾ
- ਸੰਪੂਰਨ ਅਤੇ ਖ਼ਾਲਿਸ ਤੌਹੀਦ ਦੀ ਸਥਾਪਨਾ
- ਮਨੁੱਖਤਾ ਦੀ ਸੇਵਾ
- ਇਸਲਾਮ ਦਾ ਪ੍ਰਚਾਰ
- ਇਸਲਾਮ ਅਹਮਦੀਅਤ ਦਾ ਵਿਕਾਸ
- ਏਕਤਾ ਅਤੇ ਭਾਈਚਾਰੇ ਦੀ ਸਥਾਪਨਾ
- ਰੱਬ ਵੱਲੋਂ ਸਹਾਇਤਾ ਅਤੇ ਮਦਦ
- ਮੋਮਿਨਾਂ ਦੀ ਜਮਾਅਤ ਲਈ ਦਰਦ ਰੱਖਣ ਵਾਲੀ ਅਤੇ ਸਦਾ ਅਰਦਾਸ ਕਰਨ ਵਾਲੀ ਹਸਤੀ ਦਾ ਪ੍ਰਾਪਤ ਹੋਣਾ
- ਅਧਿਆਤਮਿਕ ਜੀਵਨ ਦੀ ਸਥਿਰਤਾ

ਖ਼ਿਲਾਫ਼ਤ ਦੀਆਂ ਬਰਕਤਾਂ ਦਾ ਜ਼ਿਕਰ, ਪਵਿੱਤਰ ਕੁਰਆਨ ਵਿੱਚ ਕਈ ਥਾਵਾਂ ਉੱਤੇ ਹੋਇਆ ਹੈ। ਖਾਸ ਤੌਰ ਉੱਤੇ ਸੂਰਾਤੁਨੂੱਰ ਦੀ ਆਇਤ 56 ਵਿੱਚ ਕਿਹਾ ਗਿਆ ਹੈ ਕਿ ਖ਼ਿਲਾਫ਼ਤ ਦੀਆਂ ਮਹਾਨ ਬਰਕਤਾਂ ਵਿੱਚੋਂ ਇੱਕ ਤਾਂ ਇਹ ਹੈ ਕਿ ਇਸ ਨਾਲ ਧਰਮ ਨੂੰ ਬਲ ਮਿਲਦਾ ਹੈ ਅਤੇ ਮੋਮਿਨਾਂ ਦੇ ਡਰ ਦੀ ਹਾਲਤ ਅਮਨ ਵਿੱਚ ਬਦਲ ਜਾਂਦੀ ਹੈ। ਰੱਬੀ ਉਪਾਸਨਾ ਅਤੇ ਸ਼ੁੱਧ ਈਸ਼ਵਰਵਾਦ ਦੀ ਨੀਂਹਾਂ ਪੱਕੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਸਥਾਪਨਾ ਹਕੀਕੀ ਤੌਰ ਉੱਤੇ ਹੁੰਦੀ ਹੈ। ਧਰਮ ਨਾਲ ਸੰਬੰਧਿਤ ਹਰ ਖੇਤਰ ਵਿੱਚ ਨਵੀਂ ਜਾਨ ਪੈ ਜਾਂਦੀ ਹੈ। ਵਿਕਾਸ ਦੇ ਨਵੇਂ ਤੋਂ ਨਵੇਂ ਮਾਰਗ ਖੁੱਲ੍ਹ ਜਾਂਦੇ ਹਨ। ਜਿਸ ਉੱਤੇ ਇਹ ਆਸਮਾਨੀ ਅਗਵਾਈ ਮੋਮਿਨਾਂ ਨੂੰ ਚਲਾ ਕੇ ਅਸਲ ਇੱਛਤ ਜੀਵਨ ਦੀ ਪ੍ਰਾਪਤੀ ਦੀ ਨਿਰੰਤਰ ਕੋਸ਼ਿਸ਼ਾਂ ਕਰਦੀ ਹੈ। ਰਾਹ ਦੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਗੁਰ ਦੱਸਦੀ ਹੈ। ਹਰ ਦੁੱਖ ਦਰਦ ਨੂੰ ਦੂਰ ਕਰਦੀ ਹੈ। ਸਭ ਤੋਂ ਵੱਧ ਕੇ ਇਹ

ਕਿ ਕੌਮੀ ਏਕਤਾ ਨੂੰ ਬਣਾਈ ਰੱਖਣ ਅਤੇ ਕੜ੍ਹੀਆਂ ਨੂੰ ਜੋੜੇ ਰੱਖਣ ਲਈ ਨਿਰੰਤਰ ਯਤਨ ਕੀਤੇ ਜਾਂਦੇ ਹਨ। ਰੱਬ ਦੀ ਇਬਾਦਤ ਅਤੇ ਉਸ ਦੇ ਗੁਣਾਂ ਦਾ ਪਰਛਾਵਾਂ ਬਣਨ ਦਾ ਨਮੂਨਾ ਮੋਮਿਨਾਂ ਦੀਆਂ ਨਜ਼ਰਾਂ ਵਿੱਚ ਹੁੰਦਾ ਹੈ। ਜਿਸ ਦੀਆਂ ਹਦਾਇਤਾਂ ਅਤੇ ਸੰਕੇਤਾਂ ਰਾਹੀਂ ਮੋਮਿਨ ਅੱਗੇ ਤੋਂ ਅੱਗੇ ਵੱਧਣ ਦੀ ਕੋਸ਼ਿਸ਼ ਕਰਦੇ ਹਨ। ਇਹ ਰੱਬੀ ਅਗਵਾਈ ਮੋਮਿਨਾਂ ਨੂੰ ਨੇਕ ਕਰਮ ਅਤੇ ਨੇਕੀਆਂ ਦੇ ਮਿਆਰ ਅਤੇ ਨੇਕੀ ਕਰਨ ਦੇ ਢੁੱਕਵੇਂ ਸਮੇਂ ਦੱਸਦੀ ਹੈ। ਜਿਸ ਨਾਲ ਸੰਜਮਤਾ ਦੇ ਖੇਤ ਲਹਿਰਾਉਂਦੇ ਹਨ। ਰੱਬ ਦੀ ਇੱਛਾ ਨੂੰ ਸਮਝ ਕੇ ਰੱਬ ਦੁਆਰਾ ਸਥਾਪਿਤ ਖ਼ਲੀਫ਼ਾ ਮੋਮਿਨਾਂ ਨੂੰ ਰੱਬ ਦੀ ਪੁਕਾਰ ਉੱਤੇ ਹਾਮੀ ਭਰਨ ਲਈ ਤਿਆਰ ਕਰਦਾ ਹੈ।

ਇਹ ਰੱਬੀ ਨਿਜ਼ਾਮ ਸੰਸਾਰਿਕ ਤੌਰ ਉੱਤੇ ਲੋਕ ਭਲਾਈ ਅਤੇ ਚੰਗੀਆਈ ਲਈ ਮੋਮਿਨਾਂ ਦਾ ਨ ਕੇਵਲ ਧਿਆਨ ਖਿੱਚਦਾ ਹੈ। ਸਗੋਂ ਉਸ ਦੇ ਲਾਗੂ ਕਰਨ ਲਈ ਪੱਕੇ ਤੌਰ ਉੱਤੇ ਵਿਭਾਗ ਬਣਾਉਂਦਾ ਹੈ। ਜੋ ਲੋਕ ਭਲਾਈ ਦੇ ਕੰਮ ਕਰਕੇ ਲੋਕਾਂ ਦੇ ਹੱਕ ਅਦਾ ਕਰਨ ਵੱਲ੍ਹ ਧਿਆਨ ਖਿੱਚਦੇ ਹਨ।

ਇਹ ਰੱਬੀ ਮਾਰਗ ਦਰਸ਼ਨ ਅਜੀਬ ਹੈ। ਜਿਸ ਦੇ ਗੁਣ, ਲਾਭ ਅਤੇ ਬਰਕਤਾਂ ਨੂੰ ਗਿਣਿਆ ਨਹੀਂ ਜਾ ਸਕਦਾ। ਸੋ, ਇੱਕ ਖ਼ਲੀਫ਼ਾ ਦਾ ਦਿਲ੍ਹ ਮਨੁੱਖਤਾ ਲਈ ਪਿਆਰ ਨਾਲ ਭਰਿਆ ਹੁੰਦਾ ਹੈ। ਉਸ ਦੇ ਆਪਣੇ ਪੈਰੋਕਾਰਾਂ ਨਾਲ ਪਿਆਰ ਭਰੇ ਰਿਸ਼ਤੇ ਦੀ ਸੰਸਾਰਿਕ ਰਿਸ਼ਤੀਆਂ ਨਾਲ ਤੁਲਨਾ ਕਰਨਾ ਮੂਰੱਖਤਾ ਹੈ। ਇਹ ਤਾਂ ਦਿਆਲੂ ਮਾਂ ਤੋਂ ਵੀ ਵੱਧ ਹੈ। ਜੋ ਆਪਣੇ ਪੈਰੋਕਾਰਾਂ ਦੇ ਦੁੱਖਾਂ ਉੱਤੇ ਦੁੱਖੀ ਹੁੰਦਾ ਹੈ ਅਤੇ ਦੁੱਖ ਚੁੱਕਦਾ ਹੈ। ਲੋਕ ਸੁੱਤੇ ਹੁੰਦੇ ਹਨ ਤਾਂ ਉਹ ਉਹਨਾਂ ਦੀਆਂ ਵਿਕਾਸ ਯੋਜਨਾਵਾਂ ਨਿਰਧਾਰਤ ਕਰ ਰਿਹਾ ਹੁੰਦਾ ਹੈ। ਇਨ੍ਹਾਂ ਵਿਕਾਸ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਅਰਦਾਸ ਕਰ ਰਿਹਾ ਹੁੰਦਾ ਹੈ। ਇਹ ਉਸ ਦੀਆਂ ਅਰਦਾਸਾਂ ਹੀ ਹੁੰਦੀਆ ਹਨ। ਜੋ ਫ਼ਿਰ ਆਸਥਾ ਭਰਪੂਰ ਲੋਕਾਂ ਦੀ ਵਿਗੜੀ ਸੰਵਾਰਦੀ ਹੈ। ਆਮ ਰਹਿਮ ਨਾਲ ਹਰ ਦਿਨ ਇੱਕ ਖ਼ਲੀਫ਼ਾ ਸੰਪੂਰਨ ਸੰਸਾਰ ਨੂੰ ਚੇਤੇ ਕਰਕੇ ਵਿਆਕੁਲ ਹੋ ਜਾਂਦਾ ਹੈ। ਸਾਰੀਆਂ ਲਈ

ਮਾਰਗ ਦਰਸ਼ਨ ਅਤੇ ਕਲਿਆਣ ਦਾ ਇੱਛੁਕ ਹੁੰਦਾ ਹੈ। ਸੋ, ਉਸ ਦੀ ਹੋਂਦ ਨਾਲ ਅਣਗਿਣਤ ਬਰਕਤਾਂ ਜੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਤੋਂ ਅਣਗਿਣਤ ਲੋਕ ਲਾਭ ਚੁੱਕਦੇ ਹਨ। ਇਹ ਬਰਕਤਾਂ, ਨਬੀ ਦੀ ਬਰਕਤਾਂ ਦਾ ਪ੍ਰਤੀਬਿੰਬ ਹੁੰਦਾ ਹੈ।

ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਖੁਲਫ਼ਾ ਕਰਾਮ ਦੇ ਸੰਖੇਪ ਆਦੇਸ਼ਾਂ ਦੀ ਰੋਸ਼ਨੀ ਵਿੱਚ ਖ਼ਿਲਾਫ਼ਤ ਦੀਆਂ ਬਰਕਤਾਂ ਦੀ ਇੱਕ ਝਲਕ ਪੇਸ਼ ਕੀਤੀ ਜਾਂਦੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

" ਸਾਡੇ ਨਬੀ ਸੱਲਲਾਹੁ ਅਲੈਹਿ ਵਸਲੱਮ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਇੱਕ ਖਤਰਨਾਕ ਸਮਾਂ ਪੈਦਾ ਹੋਇਆ। ਅਰਬ ਦੀਆਂ ਕਈ ਸੰਪਰਦਾਵਾਂ ਨੇ ਇਸਲਾਮ ਤਿਆਗ ਦਿੱਤਾ। ਕਈਆਂ ਨੇ ਜ਼ਕਾਤ ਦੇਣ ਤੋਂ ਇਨੰਕਾਰ ਕਰ ਦਿੱਤਾ ਅਤੇ ਬਹੁਤ ਸਾਰੇ ਝੂੱਠੇ ਨਬੀ ਪੈਦਾ ਹੋ ਗਏ ਅਤੇ ਅਜਿਹੇ ਸਮੇਂ ਵਿੱਚ ਜੋ ਇੱਕ ਬਹੁਤ ਮਜ਼ਬੂਤ ਦਿਲ੍ਹ, ਅਡੋਲ ਸੁਭਾਅ, ਮਜ਼ਬੂਤ ਵਿਸ਼ਵਾਸ, ਦਲੇਰ ਅਤੇ ਬਹਾਦਰ ਖ਼ਲੀਫ਼ਾ ਨੂੰ ਚਾਹੁੰਦਾ ਸੀ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੂੰ ਰੱਬ ਵੱਲੋਂ ਨਿੱਯੁਕਤ ਕੀਤਾ ਗਿਆ ਅਤੇ ਉਹਨਾਂ ਨੂੰ ਖ਼ਲੀਫ਼ਾ ਬਣਦੇ ਹੀ ਬਹੁਤ ਦੁੱਖਾਂ ਦਾ ਸਾਮ੍ਹਣਾ ਕਰਨਾ ਪਿਆ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦਾ ਕਥਨ ਹੈ ਕਿ " ਅਰਬਾਂ ਦੇ ਬਹੁਤ ਸਾਰੇ ਫ਼ਸਾਦਾਂ, ਬਗਾਵਤਾਂ ਅਤੇ ਝੂੱਠੇ ਨਬੀਆਂ ਦੇ ਉਭਾਰ ਕਰਕੇ ਜੱਦ ਆਪ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਖ਼ਲੀਫ਼ਾ ਨਿਯੁੱਕਤ ਹੋਏ ਤਾਂ ਉਹ ਮੁਸੀਬਤਾਂ ਮੇਰੇ ਪਿਤਾ ਉੱਤੇ ਪਈਆਂ ਅਤੇ ਉਹ ਦੁੱਖ ਉਨ੍ਹਾਂ ਦੇ ਦਿਲ੍ਹ ਉੱਤੇ ਪਏ। ਜੋ ਜੇਕਰ ਪਹਾੜ ਉੱਤੇ ਪੈਂਦੇ ਤਾਂ ਉਹ ਵੀ ਡਿੱਗ ਜਾਂਦਾ ਅਤੇ ਟੋਟੇ ਟੋਟੇ ਹੋ ਜਾਂਦਾ ਅਤੇ ਜ਼ਮੀਨ ਦੇ ਬਰਾਬਰ ਹੋ ਜਾਂਦਾ। ਪਰ ਕਿਉਂਕਿ ਰੱਬ ਦਾ ਇਹ ਕਾਨੂੰਨੇ ਕੁਦਰਤ ਹੈ ਕਿ ਜੱਦ ਰੱਬ ਦੇ ਰਸੂਲ ਦਾ ਕੋਈ ਖ਼ਲੀਫ਼ਾ ਉਸ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ ਨਿਯੁੱਕਤ ਹੁੰਦਾ ਹੈ ਤਾਂ ਉਸ ਵਿੱਚ ਬਹਾਦਰੀ, ਦਲੇਰੀ, ਸੰਜਮਤਾ, ਉਦਾਰਤਾ ਅਤੇ ਮਜ਼ਬੂਤ ਦਿਲ੍ਹ ਦੀ ਭਾਵਨਾ ਫੂਕੀ ਜਾਂਦੀ ਹੈ।

ਇਹੀ ਹੁਕਮ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਦਿਲ੍ਹ ਉੱਤੇ ਹੁਕਮੀ ਰੰਗ ਵਿੱਚ ਪ੍ਰਗਟ ਕੀਤਾ ਗਿਆ ਨ ਕਿ ਸ਼ਰੀਅਤ ਦੇ ਰੰਗ ਵਿੱਚ।

(ਤੋਹਫ਼ਾ ਗੋਲੜ੍ਹਵੀਆ, ਰੂਹਾਨੀ ਖ਼ਜ਼ਾਇਨ ਭਾਗ 17 ਪੰਨਾ 185-186)

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇੱਕ ਥਾਂ ਫ਼ਰਮਾਉਂਦੇ ਹਨ :

" ਜੱਦ ਕੋਈ ਰਸੂਲ ਜਾਂ ਬੁਜ਼ੁਰਗ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਜਾਂਦਾ ਹੈ ਤਾਂ ਸੰਸਾਰ ਵਿੱਚ ਭੁਚਾਲ ਆ ਜਾਂਦਾ ਹੈ ਅਤੇ ਉਹ ਇੱਕ ਬਹੁਤ ਖਤਰਨਾਕ ਸਮਾਂ ਹੁੰਦਾ ਹੈ। ਪਰ ਰੱਬ ਉਸ ਨੂੰ ਕਿਸੇ ਖ਼ਲੀਫ਼ਾ ਰਾਹੀਂ ਮਿਟਾ ਦਿੰਦਾ ਹੈ ਅਤੇ ਫ਼ਿਰ ਜਿਵੇਂ ਕਿ ਇਸ ਮਾਮਲੇ ਦੀ ਉਸ ਖ਼ਲੀਫ਼ਾ ਰਾਹੀਂ ਮੁੜ੍ਹ ਸਥਿਰਤਾ ਅਤੇ ਸੁਧਾਰ ਹੁੰਦਾ ਹੈ।''

(ਮਲਫ਼ੁਜ਼ਾਤ ਭਾਗ 4 ਪੰਨਾ 384)

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ : ਫ਼ਰਿਸ਼ਤੀਆਂ ਤੋਂ ਅਸੀਸਾਂ ਪ੍ਰਾਪਤ ਕਰਨ ਦਾ ਇੱਕ ਤਰੀਕਾ ਇਹ ਵੀ ਹੈ ਕਿ ਰੱਬ ਦੇ ਰਾਹੀਂ ਸਥਾਪਿਤ ਕੀਤੇ ਗਏ ਖ਼ਲੀਫ਼ਾ ਨਾਲ ਇੱਕ ਸੁਹਿਰਦ ਰਿਸ਼ਤਾ ਬਣਾਈ ਰੱਖਣਾ ਅਤੇ ਉਹਨਾਂ ਦੀ ਆਗਿਆਕਾਰੀ ਕਰਨਾ। ...ਤੁਹਾਨੂੰ ਰੱਬ ਵੱਲੋਂ ਨਵੇਂ ਦਿਲ ਮਿਲਣਗੇ। ਜਿਨ੍ਹਾਂ ਵਿੱਚ ਅਮਨ ਤੇ ਸ਼ਾਂਤੀ ਉਤਪਨ ਹੋਵੇਗੀ ਅਤੇ ਰੱਬ ਦੇ ਫ਼ਰਿਸ਼ਤੇ ਉਹਨਾਂ ਦਿਲਾਂ ਨੂੰ ਚੁੱਕੇ ਹੋਏ ਹੋਣਗੇ।..ਖ਼ਲੀਫ਼ਾ ਦੇ ਨਾਲ ਵਫ਼ਾਦਾਰੀ ਦਾ ਸੰਬੰਧ ਪੈਦਾ ਕਰਨ ਦੇ ਸਿੱਟੇ ਵੱਜੋਂ ਤੁਹਾਡੇ ਅੰਦਰ ਬਹੁਤ ਵੱਡੀ ਤਬਦੀਲੀ ਆਵੇਗੀ। ਤੁਹਾਡੇ ਹੌਂਸਲੇ ਵੱਧਣਗੇ। ਤੁਹਾਡਾ ਵਿਸ਼ਵਾਸ ਅਤੇ ਯਕੀਨ ਵਧੇਗਾ। ਫ਼ਰਿਸ਼ਤੇ ਤੁਹਾਡਾ ਸਾਥ ਦੇਣ ਲਈ ਖੜ੍ਹੇ ਹੋਣਗੇ ਅਤੇ ਤੁਹਾਡੇ ਦਿਲਾਂ ਵਿੱਚ ਸਥਿਰਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨਗੇ। ਸੋ, ਸੱਚੇ ਖ਼ਲੀਫ਼ਾ ਨਾਲ ਸੰਬੰਧ ਰੱਖਣਾ ਫ਼ਰਿਸ਼ਤੀਆਂ ਨਾਲ ਸੰਬੰਧ ਪੈਦਾ ਕਰ ਦਿੰਦਾ ਹੈ ਅਤੇ ਮਨੁੱਖ ਨੂੰ ਰੱਬੀ ਨੂਰ ਦਾ ਨਿਵਾਸ ਸਥਾਨ ਬਣਾਉਂਦਾ ਹੈ।''

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਭਾਗ 3 ਪੰਨਾ 392)

" ਰੱਬ ਨੇ ਤੁਹਾਨੂੰ ਖ਼ਿਲਾਫ਼ਤ ਦੀ ਨੈਅਮਤ ਬਖ਼ਸ਼ੀ ਹੈ। ਜਿਸ ਤੋਂ ਉਹ (ਅਰਥਾਤ ਹੋਰ ਮੁਸਲਮਾਨ-ਪ੍ਰਕਾਸ਼ਕ) ਵਾਂਝੇ ਹਨ। ਇਸ ਖ਼ਿਲਾਫ਼ਤ ਨੇ

ਅਹਮਦੀਆਂ ਦੀ ਇੱਕ ਛੋਟੀ ਜਿਹੀ ਜਮਾਅਤ ਨੂੰ ਵੀ ਇੱਕਠਾ ਕਰਕੇ ਅਜਿਹੀ ਸ਼ਕਤੀ ਬਖ਼ਸ਼ੀ ਹੈ। ਜੋ ਕਦੇ ਵੀ ਵਿਅਕਤੀਗਤ ਤੌਰ ਉੱਤੇ ਪ੍ਰਾਪਤ ਨਹੀਂ ਹੋ ਸਕਦੀ। ਇੰਞ ਹਰੇਕ ਸਮੂਹ ਵਿੱਚ ਕਮਜ਼ੋਰ ਵੀ ਹੁੰਦੇ ਹਨ ਅਤੇ ਅਜਿਹੇ ਤਕੜੇ ਵੀ ਹੁੰਦੇ ਹਨ। ਜੋ ਇੱਕਲੇ ਹੀ ਸਾਰਾ ਬੋਝ ਚੁੱਕ ਸਕਦੇ ਹਨ। ਪਰ ਸਾਰੇ ਲੋਕਾਂ ਨੂੰ ਇੱਕ ਰੱਸੀ ਨਾਲ ਬੰਨ੍ਹਣਾ ਮਰਕਜ਼ ਦਾ ਹੀ ਕੰਮ ਹੈ। ਮਰਕਜ਼ ਦਾ ਇਹ ਲਾਭ ਹੈ ਕਿ ਉਹ ਕਮਜ਼ੋਰ ਨੂੰ ਡਿੱਗਣ ਨਹੀਂ ਦਿੰਦਾ ਅਤੇ ਤਾਕਤਵਰ ਨੂੰ ਦੂਜੀਆਂ ਤੋਂ ਇਨ੍ਹਾਂ ਅੱਗੇ ਨਹੀਂ ਨਿਕਲਣ ਦਿੰਦਾ ਕਿ ਬਾਕੀ ਉਸ ਅੱਗੇ ਤੁੱਛ ਹੋ ਜਾਣ। ਜੇ ਮਰਕਜ਼ ਨ ਹੋਵੇ ਤਾਂ ਕਮਜ਼ੋਰ ਡਿੱਗ ਜਾਵੇਗਾ। ਜੇ ਮਰਕਜ਼ ਨ ਹੋਵੇ ਤਾਂ ਤਾਕਤਵਰ ਇੰਨ੍ਹੇ ਅੱਗੇ ਨਿਕਲ ਜਾਣਗੇ ਕਿ ਬਾਕੀ ਸੋਚਣਗੇ ਕਿ ਉਹ ਆਕਾਸ਼ ਉੱਤੇ ਹੈ ਅਤੇ ਅਸੀਂ ਧਰਤੀ ਉੱਤੇ। ਸਾਡਾ ਅਤੇ ਉਸ ਦਾ ਆਪਸ ਵਿੱਚ ਕੀ ਸੰਬੰਧ ? ਪਰ ਇਸਲਾਮੀ ਵਿਵਸਥਾ ਵਿੱਚ ਆ ਕੇ ਉਹ ਇੰਞ ਬਰਾਬਰ ਹੋ ਜਾਂਦੇ ਹਨ ਕਿ ਕੁੱਝ ਮੌਕਿਆਂ ਉੱਤੇ ਅਮੀਰ ਅਤੇ ਗਰੀਬ ਵਿੱਚ ਕੋਈ ਅੰਤਰ ਹੀ ਨਹੀਂ ਰਹਿੰਦਾ

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਭਾਗ 3 ਪੰਨਾ 358-359)

ਇਹ ਖ਼ਿਲਾਫ਼ਤ ਅਤੇ ਨਿਜ਼ਾਮ ਦੀ ਹੀ ਬਰਕਤ ਹੈ ਕਿ ਜਮਾਅਤ ਨੇ ਪਵਿੱਤਰ ਕੁਰਆਨ ਦੇ ਕਈ ਭਾਸ਼ਾਵਾਂ ਵਿੱਚ ਅਨੁਵਾਦ ਪ੍ਰਕਾਸ਼ਿਤ ਕਰ ਲਏ ਹਨ। ਨਹੀਂ ਤਾਂ ਜਮਾਅਤ ਵਿੱਚ ਕੋਈ ਇੱਕ ਵੀ ਅਜਿਹਾ ਧੰਨਵਾਨ ਵਿਅਕਤੀ ਨਹੀਂ ਹੈ। ਜੋ ਇਹਨਾਂ ਅਨੁਵਾਦਾਂ ਵਿੱਚੋਂ ਇੱਕ ਅਨੁਵਾਦ ਵੀ ਪ੍ਰਕਾਸ਼ਿਤ ਕਰ ਸਕੇ। ਇੰਞ ਹੀ ਕੋਈ ਵਿਅਕਤੀ ਅਜਿਹਾ ਪ੍ਰਭਾਵ ਨਹੀਂ ਰੱਖਦਾ ਕਿ ਉਹ ਪਵਿੱਤਰ ਕੁਰਆਨ ਦਾ ਅਨੁਵਾਦ ਕਿਸੇ ਵੀ ਭਾਸ਼ਾ ਵਿੱਚ ਵੱਖਰੇ ਤੌਰ ਉੱਤੇ ਪ੍ਰਕਾਸ਼ਿਤ ਕਰ ਸਕੇ। ਪਰ ਸਮੂਹਿਕ ਤੌਰ ਉੱਤੇ ਅਸੀਂ ਪਵਿੱਤਰ ਕੁਰਆਨ ਦੇ ਅੰਗਰੇਜ਼ੀ, ਡੱਚ, ਰੂਸੀ, ਸਪੈਨਿਸ਼, ਪੁਰਤਗਾਲੀ, ਇਟਾਲਿਅਨ, ਜਰਮਨ ਅਤੇ ਫਰਾਂਸੀਸੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾ ਲਏ ਹਨ। ਸਾਡਾ ਉਦੇਸ਼ ਹਰ ਭਾਸ਼ਾ ਵਿੱਚ ਪਵਿੱਤਰ ਕੁਰਆਨ ਦੇ ਅਨੁਵਾਦ ਪ੍ਰਕਾਸ਼ਿਤ ਕਰਨਾ ਹੈ ਤਾਂ ਕਿਸੇ ਭਾਸ਼ਾ ਦਾ ਜਾਣਨ ਵਾਲਾ ਅਜਿਹਾ ਨ ਰਹੇ, ਜੋ ਉਸ ਤੋਂ ਵਾਂਞਾ ਰਹਿ ਜਾਵੇ।

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਭਾਗ 3 ਪੰਨਾ 569)

ਇੱਥੇ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਹੁਣ ਤੱਕ ਰੱਬ ਦੀ ਮਿਹਰ ਨਾਲ ਅਹਮਦੀਆ ਮੁਸਲਿਮ ਜਮਾਅਤ ਰਾਹੀਂ ਪ੍ਰਕਾਸ਼ਿਤ ਹੋਣ ਵਾਲੇ ਪਵਿੱਤਰ ਕੁਰਆਨ ਦੇ ਸੰਪੂਰਨ ਅਨੁਵਾਦਾਂ ਦੀ ਗਿਣਤੀ 78 ਤੱਕ ਪਹੁੰਚ ਗਈ ਹੈ। ਸਾਲ 2015ਈ ਵਿੱਚ ਸਿੰਹਾਲੀ ਅਤੇ ਬਰਮੀ ਭਾਸ਼ਾਵਾਂ ਵਿੱਚ ਪਵਿੱਤਰ ਕੁਰਆਨ ਦੇ ਸੰਪੂਰਨ ਅਨੁਵਾਦ ਪ੍ਰਕਾਸ਼ਿਤ ਹੋਏ ਹਨ।

(ਅਲ-ਫ਼ਜ਼ਲ ਇੰਟਰਨੈਸ਼ਨਲ 25 ਸਤੰਬਰ 2015-01 ਅਕਤੂਬਰ 2015)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਫ਼ਰਮਾਉਂਦੇ ਹਨ ਕਿ

" ਦੂਜੀ ਕੁਦਰਤ ਰੱਬ ਦਾ ਇੱਕ ਮਹਾਨ ਤੋਹਫ਼ਾ ਹੈ। ਜਿਸ ਦਾ ਉਦੇਸ਼ ਕੌਮ ਨੂੰ ਇੱਕ ਜੁੱਟ ਕਰਨਾ ਅਤੇ ਵੰਡ ਤੋਂ ਬਚਾਉਣਾ ਹੈ। ਇਹ ਉਹ ਲੜੀ ਹੈ ਜਿਸ ਵਿੱਚ ਸੰਗਤ ਮੋਤੀਆਂ ਵਾਂਗ ਹੈ। ਜੇ ਮੋਤੀ ਖਿੱਲਰੇ ਹੋਣ ਤਾਂ ਨ ਉਹ ਸੁਰੱਖਿਅਤ ਹੁੰਦੇ ਹਨ ਅਤੇ ਨ ਹੀ ਸੁੰਦਰ ਹੁੰਦੇ ਹਨ। ਇੱਕ ਲੜ੍ਹੀ ਵਿੱਚ ਪਰੋਏ ਹੋਏ ਮੋਤੀ ਸੁੰਦਰ ਅਤੇ ਸੁਰੱਖਿਅਤ ਹੁੰਦੇ ਹਨ। ਜੇਕਰ ਦੂਜੀ ਕੁਦਰਤ ਨ ਹੋਵੇ ਤਾਂ ਸੱਚਾ ਧਰਮ ਕਦੇ ਵੀ ਵਿਕਾਸ ਨਹੀਂ ਕਰ ਸਕਦਾ। ਸੋ, ਇਸ ਕੁਦਰਤ ਨਾਲ ਸੰਪੂਰਨ ਨਿਸ਼ਠਾ, ਪਿਆਰ, ਵਫ਼ਾਦਾਰੀ ਅਤੇ ਸ਼ਰਧਾ ਦਾ ਸੰਬੰਧ ਰੱਖੋ ਅਤੇ ਖ਼ਿਲਾਫ਼ਤ ਦੀ ਆਗਿਆਕਾਰੀ ਦੀ ਭਾਵਨਾ ਨੂੰ ਸਦੀਵੀ ਬਣਾਓ ਅਤੇ ਇਸ ਨਾਲ ਪਿਆਰ ਦੀ ਭਾਵਨਾ ਨੂੰ ਇਸ ਹੱਦ ਤੱਕ ਵਧਾਓ ਕਿ ਬਾਕੀ ਸਾਰੇ ਰਿਸ਼ਤੇ ਇਸ ਪਿਆਰ ਨਾਲੋਂ ਨੀਵੇਂ ਵਿਖਾਈ ਦੇਣ। ਸਾਰੀਆਂ ਬਰਕਤਾਂ ਇਮਾਮ ਨਾਲ ਜੁੜੀਆਂ ਹੋਈਆਂ ਹਨ ਅਤੇ ਉਹੀ ਹਰ ਕਿਸਮ ਦੇ ਫ਼ਸਾਦਾਂ ਅਤੇ ਮੁਸੀਬਤਾਂ ਦੇ ਖ਼ਿਲਾਫ਼ ਤੁਹਾਡੇ ਲਈ ਢਾਲ੍ਹ ਹੈ।" (ਮਸ਼ਅਲੇ ਰਾਹ ਭਾਗ 5 ਹਿੱਸਾ ਪਹਿਲਾ ਪੰਨਾ 4-5, ਪ੍ਰਕਾਸ਼ਿਤ ਮਜਲਿਸ ਖ਼ੁੱਦਾਮੁੱਲ ਅਹਮਦੀਆ ਭਾਰਤ ਮਈ 2007)

ਇਸੇ ਪ੍ਰਕਾਰ ਸਾਡੇ ਪਿਆਰੇ ਇਮਾਮ ਇੱਕ ਹੋਰ ਥਾਂ ਉੱਤੇ ਖ਼ਿਲਾਫ਼ਤ ਦੀ ਬਰਕਤ ਬਾਰੇ ਫ਼ਰਮਾਉਂਦੇ ਹਨ :

‘‘ ਇਹ ਦੂਜੀ ਕੁਦਰਤ ਹੈ ਜਾਂ ਹੁਣ ਖ਼ਿਲਾਫ਼ਤ ਦਾ ਨਿਜ਼ਾਮ ਜਾਰੀ ਰਹਿਣਾ ਹੈ ਇੰਸ਼ਾ-ਅੱਲਾਹ ਅਤੇ ਇਸ ਦਾ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਉੱਤਰਾਧਿਕਾਰੀ ਨਾਲ ਕੋਈ ਸੰਬੰਧ ਨਹੀਂ ਹੈ। ਜੇ ਇਸ ਦਾ ਅਰਥ ਇਹ ਲਿਆ ਜਾਵੇ ਕਿ ਉਹ ਤੀਹ ਸਾਲ ਦੀ ਸੀ ਤਾਂ ਉਹ ਤੀਹ ਸਾਲਾਂ ਦਾ ਸਮਾਂ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਭਵਿੱਖਬਾਣੀ ਦੇ ਅਨੁਸਾਰ ਸੀ ਅਤੇ ਇਹ ਸਦੇਵੀਂ ਦੌਰ ਵੀ ਆਪ ਸੱਲਲਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀ ਅਨੁਸਾਰ ਹੈ। ਕਯਾਮਤ ਤੱਕ ਕੀ ਹੋਣਾ ਹੈ ? ਇਹ ਰੱਬ ਹੀ ਚੰਗੀ ਤਰ੍ਹਾਂ ਜਾਣਦਾ ਹੈ । ਪਰ ਮੈਂ ਤੁਹਾਨੂੰ ਦੱਸਣਾ ਚਾਹੁਣਾ ਕਿ ਖ਼ਿਲਾਫ਼ਤ ਦਾ ਇਹ ਦੌਰ ਪੀੜ੍ਹੀਆਂ ਅਤੇ ਅਣਗਿਣਤ ਪੀੜ੍ਹੀਆਂ ਤੱਕ ਇੰਸ਼ਾ-ਅੱਲਾਹ ਜਾਰੀ ਰਹਿਣਾ ਹੈ । ਇਸ ਸ਼ਰਤ ਉੱਤੇ ਕਿ ਤੁਹਾਡੇ ਅੰਦਰ ਭਲਾਈ ਅਤੇ ਪਵਿੱਤਰਤਾ ਬਣੀ ਰਹੇ ।” (ਖ਼ੁਤਬਾ ਜੁਮਆ 27 ਮਈ 2005)

(ਅਖਬਾਰ ਬਦਰ ਖਿਲਾਫ਼ਤੇ ਅਹਮਦੀਆ ਸ਼ਤਾਬਦੀ ਜੁਬਲੀ ਨੰਬਰ 2008 ਪੰਨਾ 17-18)

ਰੱਬ ਨੇ ਸਦਾ ਹੀ ਖ਼ਲੀਫ਼ਾ ਦੀ ਅਗਵਾਈ ਵਿੱਚ ਜਮਾਅਤ ਦੇ ਖ਼ੌਫ਼ ਅਤੇ ਡਰ ਦੀ ਹਾਲਤ ਨੂੰ ਅਮਨ ਵਿੱਚ ਬਦਲ ਦਿੱਤਾ ਅਤੇ ਇਹਨਾਂ ਸੰਕਟਾਂ ਵਿੱਚ ਸੱਚੇ ਧਰਮ ਨੂੰ ਪਹਿਲਾਂ ਨਾਲੋਂ ਵੱਧ ਸਥਿਰਤਾ ਅਤੇ ਤਾਕਤ ਬਖ਼ਸ਼ੀ ਅਤੇ ਜਿਵੇਂ ਪਹਿਲਾਂ ਸੰਸਾਰ ਵਾਲਿਆਂ ਦੀ ਅੱਖ ਨੇ ਉਹ ਨਜ਼ਾਰਾ ਵੇਖਿਆ ਉਵੇਂ ਹੀ ਦੁਨੀਆਂ ਹੁਣ ਵੀ ਵੇਖ ਰਹੀ ਹੈ ਅਤੇ ਭਵਿੱਖ ਵਿੱਚ ਵੀ ਵੇਖੇਗੀ ਕਿ ਰੱਬ ਤੋਂ ਮਦਦ ਪ੍ਰਾਪਤ ਕਰਨ ਵਾਲੀ ਖ਼ਿਲਾਫ਼ਤ ਦੇ ਨਿਜ਼ਾਮ ਹੇਠਾਂ, ਜਮਾਅਤ ਨੂੰ ਤਬਾਹ ਕਰਨ ਲਈ ਉੱਠਣ ਵਾਲੇ ਅੱਗ ਦੇ ਬਗੋਲੇ, ਜਮਾਅਤ ਦਾ ਕੱਖ ਨਹੀਂ ਵਿਗਾੜ ਸਕਣਗੇ। ਰੱਬ ਉਹਨਾਂ ਦੇ ਧੋਖੇ ਦੀ ਧੂੜ ਉਹਨਾਂ ਦੇ ਸਿਰਾਂ ਉੱਤੇ ਸੁੱਟੇਗਾ। ਉਹਨਾਂ ਦੀਆਂ ਤਾਂਘਾਂ ਇਸੇ ਅੱਗ ਵਿੱਚ ਨਸ਼ਟ ਹੋ ਜਾਣਗੀਆਂ। ਉਹਨਾਂ ਤੋਂ ਪਹਿਲਾਂ ਵੀ ਇਹ ਤਾਂਘਾਂ ਆਪਣੇ ਦਿਲ੍ਹਾਂ ਵਿੱਚ ਲਏ ਮਨੋ ਮਨ ਮਿੱਟੀ ਹੇਠਾਂ ਦੱਬੇ ਗਏ ਅਤੇ ਇਹ ਵੀ ਦੱਬੇ ਜਾਣਗੇ। ਪਰ ਅਹਮਦੀਆਂ ਦੀ ਤਰੱਕੀ ਨੂੰ ਇੱਕ ਪਲ ਲਈ ਵੀ ਨਹੀਂ ਰੋਕ ਸਕਣਗੇ । ਰੱਬ ਨੇ ਸਦਾ ਉਹਨਾਂ ਦੀਆਂ ਧੂੜ੍ਹਾਂ ਨੂੰ ਉਡਾ ਕੇ ਸੰਸਾਰ ਨੂੰ ਵਿਖਾ ਦਿੱਤਾ

ਕਿ ਮੈਂ ਜੀਵਤ ਅਤੇ ਸਰਵ ਸ਼ਕਤੀਮਾਨ ਰੱਬ ਹਾਂ । ਜੋ ਸਦਾ ਰੱਬੀ ਜਮਾਅਤਾਂ ਲਈ ਆਪਣੀ ਅਥਾਹ ਕੁਦਰਤ ਦਾ ਹੱਥ ਵਿਖਾਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸੇ ਮਦਦ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ :

' ਸੰਸਾਰ ਮੈਨੂੰ ਨਹੀਂ ਜਾਣਦਾ । ਪਰ ਜਿਸ ਨੇ ਮੈਨੂੰ ਭੇਜਿਆ ਹੈ । ਉਹ ਮੈਨੂੰ ਜਾਣਦਾ ਹੈ । ਇਹ ਉਹਨਾਂ ਲੋਕਾਂ ਦੀ ਗਲਤੀ ਹੈ ਅਤੇ ਸੰਪੂਰਨ ਬਦਕਿਸਮਤੀ ਹੈ ਕਿ ਉਹ ਮੇਰੀ ਤਬਾਹੀ ਚਾਹੁੰਦੇ ਹਨ । ਮੈਂ ਉਹ ਰੁੱਖ ਹਾਂ ਜਿਸ ਨੂੰ ਅਸਲ ਮਾਲਿਕ ਨੇ ਆਪਣੇ ਹੱਥੀਂ ਲਾਇਆ ਹੈ । ਹੇ ਲੋਕੋ ! ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਮੇਰੇ ਨਾਲ ਉਹ ਹੱਥ ਹੈ । ਜੋ ਅੰਤਿਮ ਸਮੇਂ ਤੱਕ ਮੇਰੇ ਪ੍ਰਤੀ ਵਫ਼ਾਦਾਰ ਰਹੇਗਾ ।''

(ਜ਼ਮੀਮਾ ਤੌਹਫ਼ਾ ਗੌਲੜ੍ਹਵੀਆ, ਰੂਹਾਨੀ ਖਜ਼ਾਇਨ ਭਾਗ 17 ਪੰਨਾ 49-50)

ਇਸੇ ਪ੍ਰਕਾਰ ਸਾਡੇ ਪਿਆਰੇ ਇਮਾਮ ਇੱਕ ਥਾਂ ਫ਼ਰਮਾਉਂਦੇ ਹਨ :

" ਵਿਰੋਧੀਆਂ ਨੇ ਸੰਸਾਰ ਦੇ ਕੁੱਝ ਖੇਤਰਾਂ ਵਿੱਚ ਜਮਾਅਤ ਨੂੰ ਫੈਲਣ ਤੋਂ ਰੋਕਣ ਲਈ ਅਸਫ਼ਲ ਕੋਸ਼ਿਸ਼ਾਂ ਕੀਤੀਆਂ । ਪਰ ਰੱਬ ਨੇ ਇਸਲਾਮ ਅਤੇ ਆਪਣੇ ਮਹਦੀ ਦੇ ਬਚਨਾਂ ਨੂੰ ਮੌਊਦ ਪੁੱਤਰ ਦੇ ਹੱਥਾਂ ਰਾਹੀਂ ਸੰਸਾਰ ਦੇ ਕੰਡਿਆਂ ਤੱਕ ਪਹੁੰਚਾਉਣ ਲਈ **ਤਹਰੀਕੇ ਜਦੀਦ** ਦੀ ਸ਼ਕਲ ਵਿੱਚ ਜਿਸ ਮਹਾਨ ਮਨਸੂਬੇ ਨੂੰ ਸ਼ੁਰੂ ਕੀਤਾ । ਉਸੇ ਦੀ ਇੱਕ ਸੁਖਦ ਅਸੀਸ ਅੱਜ ਸਾਨੂੰ M.T.A ਦੇ ਰੂਪ ਵਿੱਚ ਪ੍ਰਾਪਤ ਹੈ । ਇਸ ਬਰਕਤ ਰਾਹੀਂ ਰੱਬ ਨੇ ਖ਼ਲੀਫ਼ਾ ਦੀ ਆਵਾਜ਼ ਨੂੰ ਸਾਰੇ ਸੰਸਾਰ ਵਿੱਚ ਫੈਲਾ ਦਿੱਤਾ ।"

(ਤਹਰੀਕੇ ਜਦੀਦ ਅੰਜੁਮਨ ਅਹਮਦੀਆ...ਪੰਨਾ 15)

(ਸੁਵੈਨਿਅਰ ਖ਼ਿਲਾਫ਼ਤੇ ਅਹਮਦੀਆ, ਸ਼ਤਾਬਦੀ ਜੁਬਲੀ ਨੰਬਰ 2008 ਈ)

" ਅੱਜ ਰੱਬ ਦੇ ਫ਼ਜ਼ਲ ਨਾਲ ਜਮਾਅਤ ਅਤੇ ਖ਼ਿਲਾਫ਼ਤ ਵਿੱਚਕਾਰ ਪਿਆਰ ਦਾ ਇੱਕ ਸਦਾ ਰਹਿਣ ਵਾਲਾ ਬੰਧਨ ਸਥਾਪਿਤ ਹੋ ਗਿਆ ਹੈ । ਅਹਮਦੀ ਮਰਦ, ਔਰਤਾਂ, ਬੱਚੇ, ਬੁੱਢੇ ਅਤੇ ਜਵਾਨ ਸਾਰੇ ਖ਼ਲੀਫ਼ਾ ਦੇ ਇੰਨ੍ਹੇ ਨੇੜੇ ਹੋ ਗਏ ਹਨ ਕਿ ਇਹ ਰੱਬ ਦੀ ਮਦਦ ਤੋਂ ਬਿਨਾਂ ਅਸੰਭਵ ਸੀ । ਪੂਰੀ

ਦੁਨੀਆ ਵਿੱਚ ਸਤਿਕਾਰਯੋਗ ਖ਼ਲੀਫ਼ਾ ਦੇ ਪ੍ਰੇਮੀ ਅਤੇ ਪ੍ਰਸ਼ੰਸ਼ਕ ਫ਼ੈਲੇ ਹੋਏ ਹਨ। ਜੋ ਖ਼ਿਲਾਫ਼ਤ ਦੀ ਸ਼ਕਲ ਵਿੱਚ ਪ੍ਰਾਪਤ ਹੋਣ ਵਾਲੀ ਰੱਬ ਦੀ ਰੱਸੀ ਨੂੰ ਫ਼ੜ ਕੇ ਸਾਰੇ ਸੰਸਾਰ ਵਿੱਚ ਇਸਲਾਮ ਦੀ ਅਮਨ ਅਤੇ ਪ੍ਰੇਮ ਦੀ ਸੁੰਦਰ ਸਿੱਖਿਆ ਦਾ ਝੰਡਾ ਉੱਚਾ ਕਰ ਰਹੇ ਹਨ। ਰੱਬ ਨੇ ਖ਼ਿਲਾਫ਼ਤ ਦੀ ਬਰਕਤ ਨਾਲ ਜਮਾਅਤੇ ਅਹਮਦੀਆ ਨੂੰ ਇੱਕ ਹੱਥ ਉੱਤੇ ਜਮ੍ਹਾਂ ਕੀਤਾ ਹੈ ਅਤੇ ਉਹਨਾਂ ਨੂੰ ਖ਼ਿਲਾਫ਼ਤ ਦੀ ਮੁਬਾਰਕ ਲੜੀ ਵਿੱਚ ਪੈਰੋ ਦਿੱਤਾ ਹੈ। ਇਹੀ ਉਹ ਜਮਾਅਤ ਹੈ। ਜਿਸ ਨੂੰ ਰੱਬ ਦੀ ਮਦਦ ਪ੍ਰਾਪਤ ਹੈ ਅਤੇ ਜੋ ਸੰਸਾਰ ਦੇ ਸਾਰੇ ਨਵੀਨ ਢੰਗਾਂ ਦੀ ਵਰਤੋਂ ਕਰਦੇ ਹੋਏ ਹਰ ਧਰਮ, ਕੌਮ, ਰੰਗ ਅਤੇ ਨਸਲ ਦੇ ਲੋਕਾਂ ਤੱਕ ਦੀਨੇ ਹੱਕ[1] ਦਾ ਸੰਦੇਸ਼ ਪਹੁੰਚਾ ਰਹੀ ਹੈ। ਖ਼ਿਲਾਫ਼ਤ ਦੇ ਪ੍ਰੇਮੀਆਂ ਦਾ ਇਹ ਸਮੂਹ ਹਰ ਘੜੀ ਇਸਲਾਮ ਦੇ ਪ੍ਰਚਾਰ ਵਿੱਚ ਰੁੱਝਿਆ ਹੋਇਆ ਹੈ ਅਤੇ ਹਰ ਆਉਣ ਵਾਲਾ ਦਿਨ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਦੀ ਤਰੱਕੀ ਅਤੇ ਸੱਚ ਦੀ ਜਿੱਤ ਦੇ ਵਾਅਦੇ ਨਾਲ ਆਰੰਭ ਹੋ ਰਿਹਾ ਹੈ। ਇਸੇ ਦਾ ਨਾਂ ਤਮਕਨਤੇ ਦੀਨ[2] ਹੈ। ਸੋ, ਰੱਬ ਨੇ ਮੋਮਿਨਾਂ ਨਾਲ ਖ਼ਿਲਾਫ਼ਤ ਦੀ ਸਥਾਪਨਾ, ਖ਼ੌਫ਼ ਦੇ ਬਾਦ ਅਮਨ ਬਖ਼ਸ਼ਣ ਤੇ ਧਰਮ ਦੀ ਸਥਿਰਤਾ ਦਾ ਜੋ ਵਚਨ ਦਿੱਤਾ ਸੀ। ਜਮਾਅਤੇ ਅਹਮਦੀਆ ਉਹਨਾਂ ਦੀ ਪੂਰਤੀ ਦਾ ਮੂੰਹ ਬੋਲਦਾ ਸਬੂਤ ਹੈ। ਸੋ, ਇਹਨਾਂ ਬਰਕਤਾਂ ਤੋਂ ਸਦਾ ਹਿੱਸਾ ਲੈਣ ਲਈ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਰੱਖਣ ਲਈ ਸਦਾ ਖ਼ਿਲਾਫ਼ਤ ਨਾਲ ਜੋੜ੍ਹੇ ਰੱਖੋ। ਸਦਾ ਖ਼ਿਲਾਫ਼ਤ ਨਾਲ ਜੁੜੇ ਰਹੋ ਅਤੇ ਆਪਣੇ ਬੱਚਿਆਂ ਨੂੰ ਇਹੀ ਸਬਕ ਸਿਖਾਉਂਦੇ ਰਹੋ ਅਤੇ ਆਪਣੀਆਂ ਅਰਦਾਸਾਂ, ਆਸਥਾਵਾਂ ਅਤੇ ਵਫ਼ਾਦਾਰੀ ਨਾਲ ਖ਼ਲੀਫ਼ਾ ਦੇ ਸਹਿਯੋਗੀ ਬਣੋ। ਰੱਬ ਤੁਹਾਨੂੰ ਸਭ ਨੂੰ ਇਸ ਦੀ ਤੌਫ਼ੀਕ ਬਖ਼ਸ਼ੇ।" (ਤਹਰੀਕੇ ਜਦੀਦ ਅੰਜੁਮਨ ਅਹਮਦੀਆ...ਪੰਨਾ 16)

(ਸੁਵੈਨਿਅਰ ਖ਼ਿਲਾਫ਼ਤੇ ਅਹਮਦੀਆ ਸ਼ਤਾਬਦੀ ਜੁਬਲੀ ਨੰਬਰ 2008ਈ)

---

[1] ਅਰਥਾਤ ਸੱਚਾ ਧਰਮ ਜਾਂ ਇਸਲਾਮ ਅਨੁਵਾਦਕ

[2] ਧਰਮ ਨੂੰ ਦਰਿੜ੍ਹਤਾ ਪ੍ਰਾਪਤ ਹੋਣਾ।

" ਸਾਡਾ ਇਹ ਵਿਸ਼ਵਾਸ ਹੈ ਕਿ ਖ਼ਲੀਫ਼ਾ ਰੱਬ ਆਪ ਬਣਾਉਂਦਾ ਹੈ ਅਤੇ ਉਸ ਦੀ ਚੋਣ ਵਿੱਚ ਕੋਈ ਕਮੀ ਨਹੀਂ ਹੁੰਦੀ। ਜਿਸ ਨੂੰ ਰੱਬ ਇਹ ਬਾਣਾ ਅਤੇ ਲਿਬਾਸ ਧਾਰਣ ਕਰਵਾਉਂਦਾ ਹੈ। ਕੋਈ ਵੀ ਉਸ ਨੂੰ ਉਤਾਰ ਨਹੀਂ ਸਕਦਾ ਅਤੇ ਨ ਹੀ ਉਸ ਤੋਂ ਖੋਹ ਸਕਦਾ ਹੈ। ਉਹ ਆਪਣੇ ਇੱਕ ਕਮਜ਼ੋਰ ਸੇਵਕ ਨੂੰ ਚੁਣਦਾ ਹੈ। ਜਿਸ ਨੂੰ ਲੋਕ ਕਈ ਵਾਰ ਨਫ਼ਰਤ ਕਰਦੇ ਹਨ। ਪਰ ਉਸ ਨੂੰ ਚੁਣ ਕੇ ਰੱਬ ਉਸ ਉੱਤੇ ਆਪਣੀ ਮਹਾਨਤਾ ਅਤੇ ਮਹਿਮਾ ਦਾ ਇੱਕ ਅਜਿਹਾ ਜਲੌ ਕਰਦਾ ਹੈ ਕਿ ਉਸ ਦੀ ਹੋਂਦ ਸੰਸਾਰ ਵਿੱਚੋਂ ਅਲੋਪ ਹੋ ਕੇ ਰੱਬ ਦੀਆਂ ਸ਼ਕਤੀਆਂ ਵਿੱਚ ਛੁੱਪ ਜਾਂਦੀ ਹੈ। ਫ਼ਿਰ ਰੱਬ ਉਸ ਨੂੰ ਚੁੱਕ ਕੇ ਆਪਣੀ ਗੋਦ ਵਿੱਚ ਬਿਠਾ ਲੈਂਦਾ ਹੈ ਅਤੇ ਹਰ ਹਾਲ ਵਿੱਚ ਉਸ ਦਾ ਸਹਿਯੋਗ ਅਤੇ ਮਦਦ ਕਰਦਾ ਹੈ ਅਤੇ ਉਸ ਦੇ ਦਿਲ ਵਿੱਚ ਆਪਣੀ ਕੌਮ ਦਾ ਦਰਦ ਇੰਝ ਪੈਦਾ ਕਰਦਾ ਹੈ ਕਿ ਉਹ ਇਸ ਦਰਦ ਨੂੰ ਆਪਣੇ ਦਰਦ ਨਾਲੋਂ ਵੱਧ ਮਹਿਸੂਸ ਕਰਦਾ ਹੈ ਅਤੇ ਇੰਝ ਜਮਾਅਤ ਦਾ ਹਰ ਮੈਂਬਰ ਇਹ ਮਹਿਸੂਸ ਕਰਦਾ ਹੈ ਕਿ ਉਸ ਦਾ ਦਰਦ ਰੱਖਣ ਵਾਲੀ ਉਸ ਲਈ ਰੱਬ ਅੱਗੇ ਅਰਦਾਸ ਕਰਨ ਵਾਲੀ ਅਤੇ ਉਸ ਦੀ ਹਮਦਰਦ ਇੱਕ ਹਸਤੀ ਹੈ"

(ਰੋਜ਼ਨਾਮਾ ਅਲ-ਫ਼ਜ਼ਲ, 30 ਮਈ 2003 ਪੰਨਾ 2)

(ਅਖ਼ਬਾਰ ਬਦਰ, ਖ਼ਿਲਾਫ਼ਤ ਅਹਮਦੀਆ ਸ਼ਤਾਬਦੀ ਜੁਬਲੀ ਨੰਬਰ 2008ਈ ਪੰਨਾ 17)

"...ਜਮਾਅਤ ਦੇ ਮੈਂਬਰਾਂ ਦਾ ਖ਼ਲੀਫ਼ਾ ਨਾਲ ਅਤੇ ਖ਼ਲੀਫ਼ਾ ਦਾ ਲੋਕਾਂ ਨਾਲ ਸੰਬੰਧ ਇੱਕ ਅਜਿਹਾ ਸੰਬੰਧ ਹੈ। ਜੋ ਸੰਸਾਰਿਕ ਲੋਕਾਂ ਦੀ ਕਲਪਨਾ ਤੋਂ ਪਰੇ ਹੈ। ਉਸ ਨੂੰ ਉਹ ਸੰਸਾਰਿਕ ਲੋਕ ਸਮਝ ਹੀ ਨਹੀਂ ਸਕਦੇ।

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਲਿਸ ਰਹਿਮਾਹੁੱਲਾਹ ਨੇ ਫ਼ਰਮਾਇਆ ਸੀ ਕਿ ਜਮਾਅਤ ਅਤੇ ਖ਼ਲੀਫ਼ਾ ਇੱਕੋ ਹਸਤੀ ਦੇ ਦੋ ਨਾਂ ਹਨ। ਉਂਝ ਇਹ ਸੰਬੰਧ ਜੋ ਜਮਾਅਤ ਅਤੇ ਖ਼ਲੀਫ਼ਾ ਦਾ ਹੈ। ਇਹਨਾਂ ਸਮਾਗਮਾਂ ਵਿੱਚ ਹੋਰ ਉਭਰ ਕੇ ਸਾਮ੍ਹਣੇ ਆਉਂਦਾ ਹੈ। ਅਲਹਮਦੁਲਿੱਲਾਹ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਰੱਬ ਦੀ ਮਿਹਰ ਨਾਲ ਜਮਾਅਤ ਕੈਨੇਡਾ ਇਸ ਸੁਹਿਰਦਤਾ ਅਤੇ ਵਫ਼ਾਦਾਰੀ ਦੇ ਸੰਬੰਧ ਵਿੱਚ ਬਹੁਤ ਵਧੀ ਹੋਈ ਹੈ। ਰੱਬ ਇਹਨਾਂ

ਵਿੱਚਕਾਰ ਇਹ ਸੰਬੰਧ ਹੋਰ ਵੀ ਵਧਾਉਂਦਾ ਰਹੇ ਅਤੇ ਇਹ ਅਸਥਾਈ ਜੋਸ਼ ਅਤੇ ਜਜ਼ਬੇ ਦਾ ਸੰਬੰਧ ਨ ਹੋਵੇ । ਤੁਸੀਂ ਸਦਾ ਪਿਆਰ ਤੇ ਵਫ਼ਾਦਾਰੀ ਵਿਖਾਈ ਹੈ । 27 ਮਈ ਨੂੰ ਜੱਦ ਮੈਂ ਖ਼ਿਲਾਫ਼ਤ ਬਾਰੇ ਖੁਤਬਾ ਦਿੱਤਾ ਤਾਂ ਜਮਾਅਤੀ ਤੌਰ ਉੱਤੇ ਵੀ ਅਤੇ ਵੱਖੋ ਵੱਖ ਥਾਵਾਂ ਤੋਂ ਵਿਅਕਤੀਗਤ ਤੌਰ ਉੱਤੇ ਵੀ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਵਫ਼ਾ ਅਤੇ ਸੰਬੰਧ ਦੇ ਪੱਤਰ ਕੈਨੇਡਾ ਤੋਂ ਮਿਲੇ ਸਨ । ਰੱਬ ਕਰੇ ਕਿ ਇਹ ਪਿਆਰ ਅਤੇ ਵਫ਼ਾਦਾਰੀ ਦੇ ਇਹ ਪ੍ਰਕਟਾਵੇ ਸਮੇਂ ਦੇ ਉਤਸ਼ਾਹ ਕਾਰਨ ਨ ਹੋਣ । ਸਗੋਂ ਸਥਾਈ ਅਤੇ ਸਦੇਵੀਂ ਹੋਣ ਅਤੇ ਆਪ ਦੀਆਂ ਪੀੜ੍ਹੀਆਂ ਵਿੱਚ ਵੀ ਜਾਰੀ ਅਤੇ ਸਥਿਰ ਰਹਿਣ ਵਾਲੇ ਹੋਣ । (ਖੁਤਬਾਤੇ ਮਸਰੂਰ ਜਿਲਦ 3 ਪੰਨਾ 388-389)

ਖ਼ਿਲਾਫ਼ਤ ਦੀਆਂ ਬਰਕਤਾਂ ਦਾ ਜ਼ਿਕਰ ਕਰਦੇ ਹੋਏ ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਨੇ ਫ਼ਰਮਾਇਆ :

‘‘ ਨਾਈਜੇਰੀਆ ਦੀ ਜਮਾਅਤ ਨੇ ਸਿੱਧੇ ਤੌਰ ਉੱਤੇ ਖ਼ਿਲਾਫ਼ਤ ਦੀ ਬਰਕਤ ਨੂੰ ਵੇਖ ਲਿਆ ਹੈ । ਤੁਹਾਨੂੰ ਤਾਂ ਇਸ ਨੈਅਮਤ ਦੀ ਬਹੁਤ ਕਦਰ ਕਰਨੀ ਚਾਹੀਦੀ ਹੈ । ਤੁਹਾਨੂੰ ਪਤਾ ਹੈ ਕਿ ਇੱਥੇ ਮਸਜਿਦਾਂ ਸਮੇਤ ਖ਼ਿਲਾਫ਼ਤ ਤੋਂ ਵੱਖ ਹੋਣ ਵਾਲਿਆਂ ਦਾ ਕੀ ਹਾਲ ਹੈ ? ਕੁੱਝ ਵੀ ਨਹੀਂ । ਪਰ ਜੋ ਖ਼ਿਲਾਫ਼ਤ ਨਾਲ ਜੁੜ੍ਹੇ ਰਹੇ । ਜਿਨ੍ਹਾਂ ਨੇ ਆਪਣੇ ਬੈਅਤ ਦੇ ਵਚਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ । ਰੱਬ ਨੇ ਉਹਨਾਂ ਨੂੰ ਬਹੁਤ ਸਾਰੇ ਇਨਾਮਾਂ ਨਾਲ ਨਵਾਜ਼ਿਆ । ਅੱਜ ਹਰ ਸ਼ਹਿਰ ਵਿੱਚ ਆਪ ਜਮਾਅਤ ਦੇ ਵੱਧਣ ਦੇ ਨਜ਼ਾਰੇ ਵੇਖਦੇ ਹੋ । ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਆਪ ਦੀ ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਖ਼ਿਲਾਫ਼ਤ ਦੇ ਨਾਲ ਹੀ ਬਰਕਤ ਹੈ । ਸੋ, ਸਦਾ ਆਪਣੀਆਂ ਜ਼ਿੰਮੇਦਾਰੀਆਂ ਨੂੰ ਸਮਝਦੇ ਰਹੋ । ਰੱਬ ਤੁਹਾਨੂੰ ਤੌਫ਼ੀਕ ਬਖ਼ਸ਼ੇ ਅਤੇ ਤੁਸੀਂ ਇਸ ਇਨਾਮ ਤੋਂ ਬਰਕਤਾਂ ਪ੍ਰਾਪਤ ਕਰਦੇ ਰਹੋ ।”

(ਵਿਚਾਰ ਖ਼ਿਲਾਫ਼ਤੇ ਅਹਮਦੀਆ ਸ਼ਤਾਬਦੀ ਜੁਬਲੀ 2008ਈ ਪੰਨਾ 76-77)

1 ਮਈ 2008ਈ ਨੂੰ ਲਜਨਾ ਅਮਾਉੱਲਾਹ ਯੂ.ਕੇ. ਨੇ ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਦੀ ਪੱਛਮੀ ਅਫ਼ਰੀਕਾ ਦੀ

ਯਾਤਰਾ ਤੋਂ ਸਫ਼ਲ ਵਾਪਸੀ ਉੱਤੇ ਇੱਕ ਸਵਾਗਤੀ ਸਮਾਰੋਹ ਕੀਤਾ। ਜਿਸ ਵਿੱਚ ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੂਖ਼ਮ ਰਚਨਾ ਰਿਸਾਲਾ ਅਲ-ਵਸੀਅਤ ਦੇ ਹਵਾਲੇ ਨਾਲ ਫ਼ਰਮਾਇਆ :

" ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇੱਕ ਹਵਾਲਾ ਪੈਸ਼ ਕਰ ਰਿਹਾ ਹਾਂ। ਜੱਦ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੱਸਿਆ ਕਿ ਹੁਣ ਆਪ ਦੀ ਵਾਪਸੀ ਦਾ ਸਮਾਂ ਨੇੜੇ ਹੈ ਅਤੇ ਇੱਕ ਮਕਬਰਾ ਸਥਾਪਿਤ ਕੀਤਾ ਜਾਵੇ। ਜਿਸ ਵਿੱਚ ਉੱਚ ਗੁਣਵੱਤਾ ਅਤੇ ਕੁਰਬਾਨੀ ਕਰਨ ਵਾਲੇ ਲੋਕ ਦਫ਼ਨ ਹੋਣਗੇ। ਉਸ ਸਮੇਂ ਆਪ ਨੇ ਇੱਕ ਰਿਸਾਲਾ 'ਅਲ-ਵਸਿਅਤ' ਨਾਮੀ ਲਿੱਖਿਆ। ਉਸ ਵਿੱਚ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ :

' ਸੋ ਹੇ ਪਿਆਰੋਂ ! ਜੱਦ ਕਿ ਆਰੰਭ ਤੋਂ ਰੱਬ ਦੀ ਇਹੀ ਸੁੰਨਤ ਹੈ ਕਿ ਰੱਬ ਦੋ ਕੁਦਰਤਾਂ ਵਿਖਾਉਂਦਾ ਹੈ ਤਾਂ ਵਿਰੋਧੀਆਂ ਦੀਆਂ ਦੋ ਝੂੱਠੀਆਂ ਖੁਸ਼ੀਆਂ ਨੂੰ ਨਸ਼ਟ ਕਰਕੇ ਵਿਖਾਏ। ਰੱਬ ਲਈ ਆਪਣੀ ਪ੍ਰਾਚੀਨ ਸੁਨੰਤ ਨੂੰ ਤਿਆਗਣਾ ਸੰਭਵ ਨਹੀਂ ਹੈ। ਸੋ, ਜੋ ਮੈਂ ਤੁਹਾਨੂੰ ਦੱਸਿਆ ਉਸ ਤੋਂ ਤੁਸੀਂ ਉਦਾਸ ਨ ਹੋ ਅਤੇ ਆਪਣੇ ਦਿਲਾਂ ਨੂੰ ਦੁੱਖੀ ਨ ਹੋਣ ਦਿਓ। ਕਿਉਂਕਿ ਤੁਹਾਡੇ ਲਈ ਦੂਜੀ ਕੁਦਰਤ ਨੂੰ ਵੇਖਣਾ ਜ਼ਰੂਰੀ ਹੈ ਅਤੇ ਉਸ ਦਾ ਆਉਣਾ ਤੁਹਾਡੇ ਲਈ ਚੰਗਾ ਹੈ। ਕਿਉਂਕਿ ਉਹ ਸਦੀਵੀਂ ਹੈ। ਜੋ ਕਯਾਮਤ ਤੱਕ ਜਾਰੀ ਰਹੇਗੀ ਅਤੇ ਜੱਦ ਤੱਕ ਮੈਂ ਨਹੀਂ ਜਾਂਦਾ। ਉਦੋਂ ਤੱਕ ਉਹ ਦੂਜੀ ਕੁਦਰਤ ਨਹੀਂ ਆ ਸਕਦੀ। ਪਰ ਜੱਦ ਮੈਂ ਜਾਵਾਂਗਾ। ਤੱਦ ਰੱਬ ਤੁਹਾਡੇ ਲਈ ਦੂਜੀ ਕੁਦਰਤ ਨੂੰ ਭੇਜੇਗਾ। ਜੋ ਸਦਾ ਤੁਹਾਡੇ ਨਾਲ ਰਹੇਗੀ।

(ਰਿਸਾਲਾ ਅਲ-ਵੱਸਿਅਤ, ਰੂਹਾਨੀ ਖਜ਼ਾਇਨ ਭਾਗ 20 ਪੰਨਾ 305)

ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਆਦੇਸ਼ ਨੂੰ, ਇਸ ਖੁਸ਼ਖਬਰੀ ਨੂੰ, ਪਿੱਛਲੇ 100 ਸਾਲ ਵਿੱਚ ਸਦਾ ਸੱਚ ਹੁੰਦੇ ਵੇਖਿਆ ਅਤੇ ਵੇਖ ਰਹੇ ਹਾਂ। ਪਹਿਲੀ ਖ਼ਿਲਾਫ਼ਤ ਦੇ ਸਮੇਂ ਲੋਕਾਂ ਨੇ ਸੋਚਿਆ ਕਿ ਹਜ਼ਰਤ

ਮਸੀਹ ਮੌਊਦ ਅਲੈਹਿ ਸਲਾਮ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਅਤੇ ਹੁਣ ਅਹਮਦੀਅਤ ਕੁੱਝ ਦਿਨਾਂ ਦੀ ਮਹਿਮਾਨ ਹੈ। ਫ਼ਿਰ ਦੂਜੀ ਖ਼ਿਲਾਫ਼ਤ ਵਿੱਚ ਜੱਦ ਅੰਦਰੂਨੀ ਫ਼ਸਾਦ ਵੀ ਪੈਦਾ ਹੋਇਆ ਅਤੇ ਅਜਿਹੇ ਲੋਕ ਜੋ ਖ਼ਿਲਾਫ਼ਤ ਤੋਂ ਇੰਨਕਾਰੀ ਸਨ। ਜਿੰਨ੍ਹਾਂ ਨੂੰ ਪੈਗ਼ਾਮੀ ਵੀ ਕਹਿੰਦੇ ਹਨ ਅਤੇ ਲਾਹੌਰੀ ਵੀ ਅਤੇ ਗ਼ੈਰ-ਮੁਬਾਈਨ ਵੀ। ਉਹਨਾਂ ਨੇ ਬਹੁਤ ਜ਼ੋਰ ਲਾਇਆ ਕਿ ਅੰਜੁਮਨ ਨੂੰ ਹੁਣ ਜਮਾਅਤੀ ਪ੍ਰਬੰਧ ਚਲਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਖ਼ਿਲਾਫ਼ਤ ਦੀ ਕੋਈ ਲੋੜ ਨਹੀਂ। ਉਸ ਸਮੇਂ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੀ ਉਮਰ 24 ਸਾਲ ਸੀ ਅਤੇ ਵੱਡੇ ਵੱਡੇ ਪੜ੍ਹੇ ਲਿੱਖੇ ਵਿਦਵਾਨ ਅਤੇ ਧਰਮ ਦਾ ਗਿਆਨ ਰੱਖਣ ਵਾਲੇ ਅਤੇ ਜੋ ਉਸ ਸਮੇਂ ਇਸਲਾਮ ਦੇ, ਅਹਮਦੀਅਤ ਦੇ, ਨਿਜ਼ਾਮੇ ਜਮਾਅਤ ਦੇ, ਥੰਮ੍ਹ ਮੰਨੇ ਜਾਣ ਵਾਲੇ ਸਨ। ਉਸ ਸਮੇਂ ਉਹ ਵੱਖ ਹੋ ਗਏ ਅਤੇ ਕੁੱਝ ਲੋਕ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਦੇ ਨਾਲ ਰਹੇ। ਪਰ ਅਸੀਂ ਵੇਖਿਆ ਕਿ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਦੀ 52 ਸਾਲਾਂ ਦੀ ਖ਼ਿਲਾਫ਼ਤ ਨੇ ਹਰ ਦਿਨ ਵਿਕਾਸ ਦੇ ਨਵੇਂ ਮਿਆਰ ਕਾਯਮ ਕੀਤੇ। ਆਪ ਦੇ ਦੌਰ ਵਿੱਚ ਅਫ਼ਰੀਕਾ ਵਿੱਚ ਮਿਸ਼ਨ ਖੁੱਲ੍ਹੇ, ਯੂਰੋਪ ਵਿੱਚ ਮਿਸ਼ਨ ਖੁੱਲ੍ਹੇ ਅਤੇ ਖ਼ਿਲਾਫ਼ਤ ਦੇ 10 ਸਾਲ ਬਾਦ ਹੀ ਆਪ ਨੇ ਇੱਥੇ ਲੰਡਨ ਵਿੱਚ ਇਸ ਮਸਜਿਦ ਦੀ ਸਥਾਪਨਾ ਵੀ ਕੀਤੀ। ਫ਼ਿਰ ਤੀਜੀ ਖ਼ਿਲਾਫ਼ਤ ਦਾ ਦੌਰ ਆਇਆ। ਇਸ ਵਿੱਚ ਵੀ ਖ਼ਾਸ ਤੌਰ ਉੱਤੇ ਅਫ਼ਰੀਕੀ ਦੇਸ਼ਾਂ ਵਿੱਚ ਅਤੇ ਉਹਨਾਂ ਅਫ਼ਰੀਕੀ ਦੇਸ਼ਾਂ ਵਿੱਚ ਜੋ ਕਿਸੇ ਸਮੇਂ ਇੰਗਲੈਂਡ ਦੀ ਬਸਤੀ ਸਨ। ਉਹਨਾਂ ਵਿੱਚ ਅਹਮਦੀਅਤ ਚੰਗੀ ਤਰ੍ਹਾਂ ਫ਼ੈਲ ਗਈ ਅਤੇ ਕਾਫ਼ੀ ਹੱਦ ਤੱਕ ਕਾਯਮ ਹੋ ਗਈ। ਫ਼ਿਰ ਚੌਥੀ ਖ਼ਿਲਾਫ਼ਤ ਦੇ ਦੌਰ ਵਿੱਚ ਅਸੀਂ ਹਰ ਦਿਨ ਵਿਕਾਸ ਦਾ ਨਵਾਂ ਦੌਰ ਵੇਖਿਆ। ਅਫ਼ਰੀਕਾ ਵਿੱਚ ਵੀ, ਯੂਰੋਪ ਵਿੱਚ ਵੀ ਅਤੇ ਏਸ਼ੀਆ ਵਿੱਚ ਵੀ, ਜਮਾਅਤ ਦੀ ਆਵਾਜ਼ M.T.A ਰਾਹੀਂ ਸੰਸਾਰ ਦੇ ਕੰਢਿਆਂ ਤੱਕ ਪਹੁੰਚ ਗਈ। ਸੋ ਇਹ ਵਿਕਾਸ, ਜਿਵੇਂ ਕਿ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਸੀ ਕਿ ਦੂਜੀ ਕੁਦਰਤ ਦਾ ਆਉਣਾ ਜ਼ਰੂਰੀ ਹੈ। ਕਿਉਂਕਿ ਉਹ ਸਦੇਵੀ ਹੈ ਅਤੇ ਸਦਾ ਰਹਿਣ ਵਾਲੀ ਹੈ ਅਤੇ ਸਦਾ ਉਹੀ ਚੀਜ਼ ਰਿਹਾ

ਕਰਦੀ ਹੈ। ਜੋ ਆਪਣੇ ਵਿਕਾਸ ਦੇ ਪੱਧਰ ਵੀ ਤੈਅ ਕਰਦੀ ਜਾਂਦੀ ਹੈ। ਸੋ, ਰੱਬ ਦੀ ਮਿਹਰ ਨਾਲ ਖ਼ਿਲਾਫ਼ਤ ਨਾਲ ਜੁੜ੍ਹਣ ਕਰਕੇ ਜਮਾਅਤ ਲਗਾਤਾਰ ਵੱਧਦੀ ਗਈ ਤੇ ਖਲੀਫ਼ਾਤੁੱਲ ਮਸੀਹ ਅੱਰਾਬੇ ਰਹਿਮਾਹੁੱਲਾਹ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ, ਜੱਦ ਰੱਬ ਨੇ ਮੈਨੂੰ ਇਹ ਮਾਣ ਬਖ਼ਸ਼ਿਆ ਤਾਂ ਉਸ ਡਰ ਦੇ ਬਾਦ ਵੀ ਜੋ ਮੇਰੇ ਅੰਦਰ ਸੀ ਕਿ ਜਮਾਅਤ ਕਿਵੇਂ ਚੱਲੇਗੀ। ਰੱਬ ਨੇ ਸਭ ਕੁੱਝ ਆਪਣੇ ਹੱਥਾਂ ਵਿੱਚ ਲਿਆ ਅਤੇ ਹਰ ਪ੍ਰਕਾਰ ਨਾਲ ਉਸ ਨੇ ਦਿਲਾਸਾ ਦਿੱਤਾ ਅਤੇ ਵਿਕਾਸ ਦੇ ਕਦਮ ਉਸੇ ਰਫ਼ਤਾਰ ਨਾਲ ਵੱਧਦੇ ਗਏ ਜਿਵੇਂ ਕਿ ਇਹ ਚੱਲ ਰਹੇ ਸਨ ਅਤੇ ਹੁਣ ਵੀ ਇਹ ਸਿਲਸਿਲਾ ਚੱਲ ਰਿਹਾ ਹੈ। ਕਿਉਂਕਿ ਇਹ ਰੱਬ ਦਾ ਵਚਨ ਹੈ। ਰੱਬ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਵਚਨ ਹੈ ਕਿ

**ਮੈਂ ਤੇਰੇ ਪੈਗ਼ਾਮ ਨੂੰ ਜ਼ਮੀਨ ਦੇ ਕੰਢਿਆਂ ਤੱਕ ਪਹੁੰਚਾਵਾਂਗਾ**

ਰੱਬ ਦੀ ਮਿਹਰ ਨਾਲ ਜ਼ਮੀਨ ਦੇ ਕੰਢਿਆਂ ਤੱਕ ਪਹੁੰਚ ਰਿਹਾ ਹੈ ਅਤੇ ਲੋਕ ਇਸ ਵਿੱਚ ਸ਼ਾਮਿਲ ਵੀ ਹੋ ਰਹੇ ਹਨ। ਸੋ, ਇੰਝ ਰੱਬ ਨੂੰ ਆਪਣੇ ਪਿਆਰੀਆਂ ਦੀ ਇੱਜ਼ਤ ਦਾ ਬਹੁਤ ਖ਼ਿਆਲ ਹੁੰਦਾ ਹੈ। ਅਸਲ ਵਿੱਚ ਰੱਬ ਦਾ ਆਪਣਾ ਇੱਕ ਕੰਮ ਹੈ। ਜੋ ਉਹ ਕੁੱਝ ਲੋਕਾਂ ਰਾਹੀਂ ਕਰਵਾਉਂਦਾ ਹੈ ਅਤੇ ਪੈਗੰਬਰਾਂ ਨੂੰ ਜੋ ਇਸ ਸੰਸਾਰ ਵਿੱਚ ਭੇਜਦਾ ਹੈ। ਉਹ ਆਪਣੇ ਪਿਆਰੀਆਂ, ਜੋ ਰੱਬ ਦੇ ਸੇਵਕ ਹਨ, ਰਾਹੀਂ ਉਹ ਆਪਣੀ ਸਿੱਖਿਆਵਾਂ ਅਤੇ ਨਿਜ਼ਾਮ ਨੂੰ ਕਾਯਮ ਕਰਨਾ ਚਾਹੁੰਦਾ ਹੈ ਅਤੇ ਫ਼ਿਰ ਪੈਗੰਬਰਾਂ ਮਗਰੋਂ ਉਹਨਾਂ ਦੇ ਪੈਰੋਕਾਰਾਂ ਰਾਹੀਂ ਅਤੇ ਫ਼ਿਰ ਖ਼ਿਲਾਫ਼ਤ ਰਾਹੀਂ ਉਹ ਨਿਜ਼ਾਮ ਜਾਰੀ ਰਹਿੰਦਾ ਹੈ ਅਤੇ ਵਿਕਾਸ ਕਰਦਾ ਚਲਾ ਜਾਂਦਾ ਹੈ।"

(ਅਲ-ਫ਼ਜ਼ਲ ਇੰਟਰਨੈਸ਼ਨਲ 25 ਜੁਲਾਈ-7 ਅਗਸਤ 2008 ਪੰਨਾ 16)

(ਵਿਚਾਰ ਖ਼ਿਲਾਫ਼ਤੇ ਅਹਮਦੀਆ ਸ਼ਤਾਬਦੀ ਜੁਬਲੀ 2008 ਪੰਨਾ 89-91)

ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਅਹਮਦੀਆਂ ਨੂੰ ਖ਼ੁਸ਼ਖ਼ਬਰੀ ਦਿੰਦੇ ਹੋਏ ਫ਼ਰਮਾਉਂਦੇ ਹਨ :

" ਇਹ ਦੌਰ ਜਿਸ ਵਿੱਚ ਅਸੀਂ ਪੰਜਵੀਂ ਖ਼ਿਲਾਫ਼ਤ ਦੇ ਨਾਲ ਨਵੀਂ ਸਦੀ ਵਿੱਚ ਪ੍ਰਵੇਸ਼ ਕਰ ਰਹੇ ਹਾਂ। ਇੰਸ਼ਾ-ਅੱਲਾਹ ਅਹਮਦੀਅਤ ਦੇ ਵਿਕਾਸ ਅਤੇ ਫ਼ਤਹਿ ਦਾ ਦੌਰ ਹੈ। ਮੈਂ ਤੁਹਾਨੂੰ ਯਕੀਨ ਦੁਆਉਣਾ ਕਿ ਰੱਬ ਦੀ

ਮਦਦ ਦੇ ਅਜਿਹੇ ਅਧਿਆਏ ਖੁੱਲ੍ਹ ਚੁੱਕੇ ਹਨ ਅਤੇ ਖੁੱਲ੍ਹ ਰਹੇ ਹਨ ਕਿ ਹਰ ਆਉਣ ਵਾਲਾ ਦਿਨ ਜਮਾਅਤ ਦੀ ਫ਼ਤਹਿ ਦੇ ਦਿਨ ਨੇੜੇ ਵਿਖਾ ਰਿਹਾ ਹੈ ਜੱਦ ਮੈਂ ਆਪਣੀ ਪੜ੍ਹਚੋਲ ਕਰਨਾ ਤਾਂ ਮੈਨੂੰ ਸ਼ਰਮ ਆਉਂਦੀ ਹੈ। ਮੈਂ ਤਾਂ ਇੱਕ ਨਿਮਰ, ਬੇਅਸਰ, ਅਯੋਗ, ਪਾਪੀ ਮਨੁੱਖ ਹਾਂ। ਮੈਨੂੰ ਨਹੀਂ ਗਿਆਤ ਕਿ ਮੈਨੂੰ ਇਹ ਮਾਣ ਬਖ਼ਸ਼ਣ ਲਈ ਰੱਬ ਦੀ ਕੀ ਹਿਕਮਤ ਸੀ। ਪਰ ਮੈਂ ਇਹ ਦੂਰ-ਅੰਦੇਸ਼ੀ ਨਾਲ ਕਹਿ ਰਿਹਾ ਹਾਂ ਕਿ ਰੱਬ ਇਸ ਦੌਰ ਨੂੰ ਆਪਣੇ ਬੇਅੰਤ ਸਹਿਯੋਗ ਅਤੇ ਸਹਾਇਤਾ ਨਾਲ ਵਿਕਾਸ ਦੇ ਰਾਜ ਮਾਰਗਾਂ ਵੱਲ੍ਹ ਇੰਸ਼ਾ-ਅੱਲਾਹ ਵਧਾਉਂਦਾ ਰਹੇਗਾ ਅਤੇ ਇਸ ਯੁੱਗ ਵਿੱਚ ਅਹਮਦੀਅਤ ਦੇ ਵਿਕਾਸ ਨੂੰ ਕੋਈ ਨਹੀਂ ਰੋਕ ਸਕਦਾ ਅਤੇ ਨ ਹੀ ਇਹ ਵਿਕਾਸ ਕਦੇ ਰੁੱਕਣਾ ਹੈ। ਖਿਲਾਫਤ ਦਾ ਸਿਲਸਿਲਾ ਜਾਰੀ ਰਹੇਗਾ ਅਤੇ ਅਹਮਦੀਅਤ ਦਾ ਕਦਮ ਅੱਗੇ ਵੱਧਦਾ ਰਹੇਗਾ। ਇੰਸ਼ਾ-ਅੱਲਾਹ

(ਅਲ-ਫ਼ਜ਼ਲ ਇੰਟਰਨੈਸ਼ਨਲ 25 ਜੁਲਾਈ-7 ਅਗਸਤ 2008 ਪੰਨਾ 12)

(ਵਿਚਾਰ ਖ਼ਿਲਾਫ਼ਤੇ ਅਹਮਦੀਆ ਸ਼ਤਾਬਦੀ ਜੁਬਲੀ 2008 ਪੰਨਾ 112-113)

ਫ਼ਰਮਾਇਆ : " ਅਹਮਦੀ ਖ਼ਲੀਫ਼ਾ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਖ਼ਲੀਫ਼ਾ ਉਹਨਾਂ ਨਾਲ ਬਹੁਤ ਪਿਆਰ ਕਰਦਾ ਹੈ ਅਤੇ ਉਹ ਸਾਰੇ ਰੱਬ ਨੂੰ ਪਿਆਰ ਕਰਦੇ ਹਨ। ਇੰਸ਼ਾ-ਅੱਲਾਹ ਇਹ ਆਪਸੀ ਪਿਆਰ ਸਦਾ ਰਹੇਗਾ "

(ਅਲ-ਫ਼ਜ਼ਲ ਇੰਟਰਨੇਸ਼ਨਲ, 11 ਜੁਲਾਈ-17 ਜੁਲਾਈ 2008 ਪੰਨਾ 10)

(ਵਿਚਾਰ ਖ਼ਿਲਾਫ਼ਤ ਅਹਮਦੀਆ ਸ਼ਤਾਬਦੀ ਜੁਬਲੀ 2008 ਪੰਨਾ 127)

ਖ਼ਿਲਾਫ਼ਤ ਦੀਆਂ ਅਨਮੋਲ ਬਰਕਤਾਂ ਸੰਬੰਧੀ ਪਿਆਰੇ ਆਕਾ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਨੇ ਫ਼ਰਮਾਇਆ :

" ਰੱਬ ਨੇ ਆਪਣੀ ਮਿਹਰ ਨਾਲ 1400 ਸਾਲਾਂ ਬਾਦ ਮੁੜ੍ਹ ਇੱਕ ਬਰਕਤ ਭੇਜੀ। ਜਿਸ ਨੇ ਬਾਦ ਵਿੱਚ ਆਉਣ ਵਾਲਿਆਂ ਨੂੰ ਪਹਿਲੇ ਆਉਣ ਵਾਲਿਆਂ ਨਾਲ ਮਿਲਾ ਦਿੱਤਾ। ਸੋ, ਹਰ ਅਹਮਦੀ ਦਾ ਫਰਜ਼ ਹੈ ਕਿ ਉਹ ਇਸ ਮਿਹਰ ਅਤੇ ਨੈਅਮਤ ਦੀ ਕਦਰ ਕਰੇ। ਇਸ ਨੂੰ ਯਾਦ ਰੱਖੇ ਅਤੇ ਇਸ ਤੋਂ ਲਾਭ ਚੁੱਕੇ। ਫ਼ਿਰ ਇਸ ਮਿਹਰ ਦੇ ਬਾਦ ਖ਼ਿਲਾਫ਼ਤ ਦੀ ਮਿਹਰ ਵੀ

ਜਾਰੀ ਕੀਤੀ ਅਤੇ ਉਸ ਨਾਲ ਸੁਹਿਰਦਤਾ ਅਤੇ ਵਫ਼ਾਦਾਰੀ ਦਾ ਸੰਬੰਧ ਰੱਖਣਾ ਵੀ ਜ਼ਰੂਰੀ ਹੈ | ਅਸੀਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉੱਤੇ ਈਮਾਨ ਦਾ ਦਾਅਵਾ ਕਰਦੇ ਹਾਂ । ਸਾਡਾ ਫ਼ਰਜ਼ ਹੈ ਕਿ ਅਸੀਂ ਸੰਜਮਤਾ ਨਾਲ ਬੈਅਤ ਦੀਆਂ ਸ਼ਰਤਾਂ ਦੀ ਪਾਲਣਾ ਕਰੀਏ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਸੀ ਕਿ ਤੁਹਾਡੇ ਲਈ ਦੂਜੀ ਕੁਦਰਤ ਦਾ ਵੇਖਣਾ ਵੀ ਜ਼ਰੂਰੀ ਹੈ। ਜੋ ਕਹਿੰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉੱਤੇ ਈਮਾਨ ਲਿਆਉਣਾ ਹੀ ਕਾਫ਼ੀ ਹੈ ਅਤੇ ਉਹਨਾਂ ਨੂੰ ਖ਼ਿਲਾਫ਼ਤ ਦੀ ਬੈਅਤ ਦੀ ਕੋਈ ਲੋੜ ਨਹੀਂ। ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਗਏ ਵਚਨ ਤੋਂ ਬਾਹਰ ਜਾ ਰਹੇ ਹਨ। ਤੁਸੀਂ ਖੁਸ਼-ਕਿਸਮਤ ਹੋ ਜਿਨ੍ਹਾਂ ਨੂੰ ਖ਼ਿਲਾਫ਼ਤ ਦੀ ਬੈਅਤ ਦਾ ਮੌਕਾ ਮਿਲਿਆ। ਪਰ ਉਸ ਲਈ ਆਸਥਾ ਦੀ ਵੀ ਲੋੜ ਹੈ। ਅੱਜ ਅਸੀਂ ਨ ਕੇਵਲ ਖ਼ਿਲਾਫ਼ਤੇ ਅਹਮਦੀਆ ਦੇ 100 ਸਾਲ ਪੂਰੇ ਹੁੰਦੇ ਵੇਖ ਰਹੇ ਹਾਂ ਸਗੋਂ ਅਸੀਂ ਰੱਬ ਦੀਆਂ ਮਿਹਰਾਂ ਦੇ ਗਵਾਹ ਬਣਦੇ ਹੋਏ ਸਫ਼ਲਤਾਵਾਂ ਅਤੇ ਪ੍ਰਾਪਤੀਆਂ ਦੀ ਰੋਸ਼ਨੀ ਵਿੱਚ ਉਸ ਨੂੰ ਅੱਗੇ ਵੱਧਦੇ ਵੇਖ ਰਹੇ ਹਾਂ।

(ਅਲ-ਫ਼ਜ਼ਲ ਇੰਟਰਨੈਸ਼ਨਲ, 22-25 ਅਗਸਤ 2008 ਪੰਨਾ 2)

(ਵਿਚਾਰ ਖ਼ਿਲਾਫ਼ਤ ਅਹਮਦੀਆ ਸ਼ਤਾਬਦੀ ਜੁਬਲੀ 2008 ਪੰਨਾ 180-181)

ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਨੇ ਫ਼ਰਮਾਇਆ

" ਅੱਜ ਜੱਦ ਮੈਂ ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਵੱਸਣ ਵਾਲੇ ਅਹਮਦੀ ਦਾ ਚਿਹਰਾ ਵੇਖਦਾ ਹਾਂ ਤਾਂ ਮੈਨੂੰ ਇੱਕ ਸਾਂਝ ਨਜ਼ਰ ਆਉਂਦੀ ਹੈ ਅਤੇ ਉਹ ਖ਼ਿਲਾਫ਼ਤੇ ਅਹਮਦੀਆ ਨਾਲ ਇਮਾਨਦਾਰੀ ਅਤੇ ਵਫ਼ਾਦਾਰੀ ਦਾ ਸੰਬੰਧ ਹੈ। ਭਾਵੇਂ ਉਹ ਪਾਕਿਸਤਾਨ ਦਾ ਰਹਿਣ ਵਾਲਾ ਅਹਮਦੀ ਹੈ ਜਾਂ ਭਾਰਤ ਵਿੱਚ ਵੱਸਣ ਵਾਲਾ ਅਹਮਦੀ ਹੈ। ਇੰਡੋਨੇਸ਼ੀਆ ਅਤੇ ਟਾਪੂਆਂ ਵਿੱਚ ਵੱਸਣ ਵਾਲਾ ਅਹਮਦੀ ਹੈ ਜਾਂ ਬੰਗਲਾਦੇਸ਼ ਵਿੱਚ ਵੱਸਣ ਵਾਲਾ ਅਹਮਦੀ ਹੈ। ਆਸਟ੍ਰੇਲੀਆ ਵਿੱਚ ਵੱਸਣ ਵਾਲਾ ਜਾਂ ਯੂਰੋਪ ਅਤੇ ਅਮਰੀਕਾ ਵਿੱਚ ਵੱਸਣ

ਵਾਲਾ ਅਹਮਦੀ ਜਾਂ ਅਫ਼ਰੀਕਾ ਦੇ ਦੂਰ ਦੁਰਾਡੇ ਇਲਾਕੀਆਂ ਵਿੱਚ ਵੱਸਣ ਵਾਲਾ ਅਹਮਦੀ ਹੈ। ਖ਼ਲੀਫ਼ਾ ਨੂੰ ਵੇਖਦਿਆਂ ਇੱਕ ਖ਼ਾਸ ਪਿਆਰ, ਇੱਕ ਖ਼ਾਸ ਸੰਬੰਧ, ਇੱਕ ਖ਼ਾਸ ਚਮਕ ਚਿਹਰੇ ਅਤੇ ਅੱਖਾਂ ਵਿੱਚ ਵਿਖਾਈ ਦਿੰਦੀ ਹੈ ਅਤੇ ਇਹ ਕੇਵਲ ਇਸ ਲਈ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਬੈਅਤ ਅਤੇ ਵਫ਼ਾਦਾਰੀ ਦਾ ਸੰਬੰਧ, ਸੱਚਾ ਸੰਬੰਧ ਹੈ ਅਤੇ ਇਹ ਕੇਵਲ ਇਸ ਲਈ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨਾਲ ਸੰਪੂਰਨ ਆਗਿਆਕਾਰੀ ਅਤੇ ਪਿਆਰ ਦਾ ਸੰਬੰਧ ਹੈ ਅਤੇ ਇਹ ਇਸ ਲਈ ਹੈ ਕਿ ਇਸ ਗੱਲ੍ਹ ਦੀ ਸੰਪੂਰਨ ਸਮਝ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਹੀ ਹਨ ਜੋ ਸਾਰੀ ਮਨੁੱਖ ਜਾਤੀ ਲਈ ਰੱਬ ਵੱਲੋਂ ਮੁਕਤੀ ਦਾਤਾ ਵਜੋਂ ਭੇਜੇ ਗਏ ਅਤੇ ਖਿਲਾਫਤੇ ਅਹਮਦੀਆ ਆਪ ਸੱਲਲਾਹੁ ਅਲੈਹਿ ਵਸਲੱਮ ਤੱਕ ਲੈ ਕੇ ਜਾਣ ਵਾਲੀ ਇੱਕ ਕੜੀ ਹੈ। ਇਹ ਉਸ ਏਕਤਾ ਦੀ ਨਿਸ਼ਾਨੀ ਹੈ। ਜੋ ਸਦਾ ਰੱਬ ਦੇ ਚਰਨਾਂ ਵਿੱਚ ਪਾਉਣ ਲਈ ਰੁੱਝੀ ਰਹਿੰਦੀ ਹੈ। ਸੋ, ਕੀ ਕੋਈ ਕੌਮ ਕਦੇ ਵੀ ਅਜਿਹੀ ਰੂਹਾਂ ਰੱਖਣ ਵਾਲੀ, ਅਜਿਹੀ ਭਾਵਨਾਵਾਂ ਰੱਖਣ ਵਾਲੀ ਕੌਮ ਨੂੰ ਹਰਾ ਸਕਦੀ ਹੈ ? ਕਦੇ ਨਹੀਂ ਅਤੇ ਕਦੇ ਨਹੀਂ । ਹੁਣ ਅਹਮਦੀਆ ਜਮਾਅਤ ਦੀ ਕਿਸਮਤ ਸਫਲਤਾ ਦੇ ਟੀਚਿਆਂ ਨੂੰ ਨਿਰਧਾਰਤ ਕਰਦੇ ਚਲੇ ਜਾਣਾ ਅਤੇ ਸਾਰੇ ਸੰਸਾਰ ਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਝੰਡੇ ਹੇਠਾਂ ਜਮ੍ਹਾਂ ਕਰਨਾ ਹੈ। ਇਹ ਇਸ ਯੁੱਗ ਦੇ ਇਮਾਮ ਲਈ ਰੱਬ ਦਾ ਵਚਨ ਹੈ। ਜੋ ਕਦੇ ਵੀ ਆਪਣੇ ਵਚਨਾਂ ਨੂੰ ਝੂੱਠਾ ਨਹੀਂ ਹੋਣ ਦਿੰਦਾ।"

(ਅਲ-ਫ਼ਜ਼ਲ ਇੰਟਰਨੈਸ਼ਨਲ, 31 ਅਕਤੂਬਰ-7 ਨਵੰਬਰ 2008 ਪੰਨਾ 12)
(ਵਿਚਾਰ ਖ਼ਿਲਾਫ਼ਤ ਅਹਮਦੀਆ ਸ਼ਤਾਬਦੀ ਜੁਬਲੀ 2008 ਪੰਨਾ 195)

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ :

" ਇਹ ਨਸੀਹਤ ਕਰਨਾ ਚਾਹੁੰਣਾ ਕਿ ਉਹ ਖ਼ਿਲਾਫ਼ਤ ਦੀ ਬਰਕਤਾਂ ਨੂੰ ਯਾਦ ਰੱਖਣ ਅਤੇ ਕਿਸੇ ਚੀਜ਼ ਨੂੰ ਯਾਦ ਰੱਖਣ ਲਈ ਪੁਰਾਣੀਆਂ ਕੌਮਾਂ ਦਾ ਇਹ ਤਰੀਕ ਹੈ ਕਿ ਉਹ ਸਾਲ ਵਿੱਚ ਇੱਕ ਖ਼ਾਸ ਦਿਨ ਮਨਾਉਂਦੇ ਹਨ

ਮਿਸਾਲ ਵੱਜੋਂ ਸ਼ੀਆ ਨੂੰ ਵੇਖੋ। ਉਹ ਸਾਲ ਵਿੱਚ ਇੱਕ ਵਾਰ ਮਾਤਮ ਕੱਢਦੇ ਹਨ ਤਾਂ ਕੌਮ ਨੂੰ ਹਜ਼ਰਤ ਹੁਸੈਨ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਯਾਦ ਰਹੇ। ਇੰਞ ਹੀ ਮੈਂ ਨੌਜਵਾਨਾਂ ਨੂੰ ਸਾਲ ਵਿੱਚ ਇੱਕ ਦਿਨ **ਖ਼ਿਲਾਫ਼ਤ ਦਿਵਸ** ਵੱਜੋਂ ਮਨਾਉਣ ਦੀ ਸਲਾਹ ਦਿੰਦਾ ਹਾਂ। ਇਸ ਵਿੱਚ ਉਹ ਖ਼ਿਲਾਫ਼ਤ ਦੇ ਕਾਯਮ ਹੋਣ ਲਈ ਰੱਬ ਦਾ ਸ਼ੁਕਰਾਨਾ ਕਰਨ ਅਤੇ ਆਪਣੇ ਪੁਰਾਣੇ ਇਤਿਹਾਸ ਨੂੰ ਯਾਦ ਕਰਨ। ਇੰਞ ਹੀ ਉਹ ਸੱਚੇ ਸੁਪਨੇ ਬਿਆਨ ਕੀਤੇ ਜਾਣ। ਜੋ ਸਮੇਂ ਤੋਂ ਪਹਿਲਾਂ ਰੱਬ ਨੇ ਮੈਨੂੰ ਵਿਖਾਏ ਅਤੇ ਜਿਨ੍ਹਾਂ ਨੂੰ ਪੂਰਾ ਕਰਕੇ ਰੱਬ ਨੇ ਸਾਬਤ ਕਰ ਦਿੱਤਾ ਕਿ ਉਸ ਦੀਆਂ ਬਰਕਤਾਂ ਹੁਣ ਵੀ ਖ਼ਿਲਾਫ਼ਤ ਨਾਲ ਜੁੜੀਆਂ ਹਨ।" (ਅਲ-ਫ਼ਜ਼ਲ, 1 ਮਈ 1957)

## ਖ਼ਲੀਫ਼ਾ ਨਾਲ ਪ੍ਰੇਮ ਦਾ ਪ੍ਰਗਟਾਵਾ,
## ਉਸ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ

ਖ਼ਿਲਾਫ਼ਤ ਪ੍ਰਤੀ ਵਚਨਬੱਧਤਾ ਅਤੇ ਉਸ ਨਾਲ ਵਫ਼ਾਦਾਰੀ ਤੇ ਪਿਆਰ ਇਹੀ ਹੈ ਕਿ ਖ਼ਲੀਫ਼ਾ ਦੇ ਹਰ ਹੁਕਮ ਨੂੰ ਸਮੇਂ ਸਿਰ ਮੰਨਣਾ ਅਤੇ ਉਸ ਦੀ ਹਰ ਆਵਾਜ਼ ਦਾ ਜਵਾਬ ਦੇਣਾ ਅਤੇ ਉਸ ਦੇ ਦੱਸੇ ਰਾਹਾਂ ਉੱਤੇ ਤੁਰਦਿਆਂ ਆਪਣੇ ਉਦੇਸ਼ਾਂ ਨੂੰ ਪੂਰਾ ਕਰਨਾ। ਸੋ, ਜੋ ਉਸ ਰੱਬੀ ਨਿਜ਼ਾਮ ਦਾ ਇੰਨਕਾਰ ਕਰਦਾ ਹੈ। ਜੋ ਉਸ ਤੋਂ ਵੱਖ ਹੁੰਦਾ ਹੈ ਅਤੇ ਜੋ ਆਗਿਆਕਾਰੀ ਤੋਂ ਬਾਹਰ ਜਾਂਦਾ ਹੈ। ਉਸ ਨੂੰ ਪਵਿੱਤਰ ਕੁਰਆਨ ਨੇ ਅਪਰਾਧੀ ਕਰਾਰ ਦਿੱਤਾ ਹੈ। ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਜੋ ਵਿਅਕਤੀ ਅਜਿਹੀ ਹਾਲਤ ਵਿੱਚ ਮਰਿਆ ਕਿ ਉਸ ਨੇ ਸਮੇਂ ਦੇ ਇਮਾਮ ਦੀ ਬੈਅਤ ਨਹੀਂ ਕੀਤੀ। ਉਹ ਅਗਿਆਨਤਾ ਦੀ ਮੌਤ ਮਰਿਆ।

(ਮੁਸਲਿਮ ਕਿਤਾਬੁੱਲ-ਅਮਾਰਤ)

ਖ਼ਲੀਫ਼ਾ ਦੀ ਬੈਅਤ ਕਰਨ ਮਗਰੋਂ ਫ਼ਿਰ ਜੇਕਰ ਇੱਕ ਮੋਮਿਨ ਉਸ ਦੇ ਹੁਕਮਾਂ ਅਤੇ ਸਲਾਹਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਦੀ ਮਿਸਾਲ ਵੀ ਬੈਅਤ ਨ ਕਰਨ ਜਾਂ ਇੰਨਕਾਰ ਕਰਨ ਵਾਲਿਆਂ ਵਰਗੀ ਹੈ। ਸਗੋਂ ਉਹ ਉਹਨਾਂ ਨਾਲੋਂ ਵੱਧ ਅਭਾਗਾ ਅਤੇ ਅਯੋਗ ਹੈ। ਜਮਾਅਤੀ ਨਿਜ਼ਾਮ ਖ਼ਿਲਾਫ਼ਤ ਨਾਲ ਹੀ ਜੁੜ੍ਹਿਆ ਹੈ। ਕਿਉਂਕਿ ਨਿਜ਼ਾਮੇ ਜਮਾਅਤ ਖ਼ਲੀਫ਼ਾ ਰਾਹੀਂ ਸੌਂਪੇ ਗਏ ਕੰਮਾਂ ਦੇ ਆਸਾਨ ਪ੍ਰਬੰਧਨ ਲਈ ਕਾਯਮ ਕੀਤਾ ਗਿਆ ਇੱਕ ਨਿਜ਼ਾਮ ਹੈ। ਇਸ ਨਿਜ਼ਾਮ ਦੀ ਸੰਪੂਰਨ ਆਗਿਆਕਾਰੀ ਵੀ ਜ਼ਰੂਰੀ ਹੈ। ਇਸ ਨਾਲ ਜੁੜਿਆ ਰਹਿਣਾ ਵੀ ਜ਼ਰੂਰੀ ਹੈ। ਇਸ ਤੋਂ ਹੱਟ ਕੇ ਆਗਿਆਕਾਰੀ ਅਤੇ ਵਫ਼ਾਦਾਰੀ ਦੀ ਗੱਲ੍ਹ ਕਰਨਾ ਗ਼ਲਤ ਖ਼ਿਆਲ ਹੈ। ਜੋ ਰੱਬ ਦੀ ਨਜ਼ਰ ਵਿੱਚ ਪ੍ਰਵਾਨ ਨਹੀਂ। ਸਗੋਂ ਅਪਰਾਧ ਦੀ ਇੱਕ ਕੜੀ ਹੈ। ਆਗਿਆਕਾਰੀ ਦਾ ਪਹਿਲਾ ਪੱਧਰ ਤਾਂ ਇਹ ਹੈ ਕਿ ਇੱਕ ਮੋਮਿਨ ਪਹਿਲਾਂ ਖ਼ਲੀਫ਼ਾ ਦੀ ਆਵਾਜ਼ ਨੂੰ ਸੁਣੇ। ਉਸ ਦੇ ਮੂੰਹੋਂ ਕੀ ਨਿਕਲਿਆ ? ਸਦਾ ਉਸ ਦੇ ਖਿਆਲ ਵਿੱਚ ਰਹੇ। ਕੁਰਆਨ ਸ਼ਰੀਫ਼ ਵਿੱਚ سَمِعْنَا وَاَطَعْنَا

ਸ਼ਬਦਾਂ ਵਿੱਚ ਮੋਮਿਨਾਂ ਦੇ ਭਾਈਚਾਰੇ ਦਾ ਮਨੋਰਥ ਦੱਸਿਆ ਗਿਆ ਹੈ। ਉਹ ਸਦਾ ਚੰਗੀਆਂ ਗੱਲਾਂ ਵੱਲ੍ਹ ਧਿਆਨ ਦਿੰਦੇ ਹਨ, ਸਮਝਦੇ ਹਨ ਅਤੇ ਯਾਦ ਰੱਖਦੇ ਹਨ ਅਤੇ ਫ਼ਿਰ ਦਿਲੋਂ ਉਹਨਾਂ ਦੀ ਪਾਲਣਾ ਕਰਦੇ ਹਨ। ਜੋ ਸੁਣੇਗਾ ਨਹੀਂ ਉਹ ਕਰਮ ਕੀ ਕਰੇਗਾ ? ਹਦੀਸ ਸ਼ਰੀਫ਼ ਵਿੱਚ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ

اُوْصِيْكُمْ بِتَقْوَى اللّٰهِ وَالسَّمْعِ وَالطَّاعَةِ

(ਤਿਰਮਜ਼ੀ ਕਿਤਾਬੁੱਲ-ਈਮਾਨ, ਕਿਤਾਬੁੱਲ-ਅਖਜ਼ ਬਿੱਸੁਨਾਅ)

ਭਾਵ ਮੈਂ ਤੁਹਾਨੂੰ ਸੰਜਮਤਾ ਦਾ ਅਤੇ ਸੁਣਨ ਤੇ ਮੰਨਣ ਦਾ ਹੁਕਮ ਦਿੰਦਾ ਹਾਂ। ਇਹ ਦਰਸਾਉਂਦਾ ਹੈ ਕਿ ਸੰਜਮਤਾ ਪ੍ਰਾਪਤ ਕਰਨ ਦੇ ਦੋ ਵੱਡੇ ਕਦਮ ਹਨ। ਹਦਾਇਤਾਂ ਨੂੰ ਖੁੱਲ੍ਹੇ ਕੰਨਾਂ ਨਾਲ ਸੁਣਨਾ ਅਤੇ ਉਹਨਾਂ ਦੀ ਪਾਲਣਾ ਕਰਨਾ। ਫ਼ਿਰ ਬਿਆਨ ਕੀਤਾ ਜਾਂਦਾ ਹੈ ਕਿ ਇਹ ਵੀ ਆਉਂਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ اِسْمَعُوْا وَاَطِيْعُوْا ਅਰਥਾਤ ਸੁਣੋ ਅਤੇ ਆਗਿਆਕਾਰੀ ਕਰੋ।

(ਬੁਖ਼ਾਰੀ ਕਿਤਾਬੁੱਲ-ਅਹਕਾਮ, ਬਾਬ ਅੱਸਮਆ ਵ ਅੱਤਾਅਤਾ)

ਹਜ਼ਰਤ ਅਨਸ ਬਿਨ ਮਾਲਿਕ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

" ਸੁਣੋ ਅਤੇ ਆਗਿਆਕਾਰੀ ਕਰੋ। ਭਾਵੇਂ ਤੇਰੇ ਉੱਤੇ ਅਜਿਹਾ ਹਬਸ਼ੀ ਗੁਲਾਮ (ਹਾਕਮ ਬਣਾ ਦਿੱਤਾ ਜਾਵੇ) ਜਿਸ ਦਾ ਸਿਰ ਮੁਨੱਕੇ ਵਰਗਾ (ਛੋਟਾ) ਹੋਵੇ।" (ਬੁਖ਼ਾਰੀ ਕਿਤਾਬੁੱਲ-ਅਹਕਾਮ, ਬਾਬ ਅੱਸਮਆ ਵ ਅੱਤਾਅਤਾ ਲਿੱਲ ਇਮਾਮ ਮਾ ਲਮ ਤਕੁਨੰ ਮਾਅਸਿਆ)

ਹਜ਼ਰਤ ਇਬਨੇ ਉਮਰ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਮੈਂ ਆਂਹਜ਼ੂਰ ਸੱਲਲਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦੇ ਸੁਣਿਆ :

" ਜਿਸ ਨੇ ਰੱਬ ਦੀ ਆਗਿਆਕਾਰੀ ਤੋਂ ਹੱਥ ਖਿੱਚਿਆ। ਉਹ ਰੱਬ ਤੋਂ (ਕਯਾਮਤ ਦੇ ਦਿਨ) ਇਸ ਹਾਲ ਵਿੱਚ ਮਿਲੇਗਾ ਕਿ ਨ ਉਸ ਕੋਲ੍ਹ ਕੋਈ ਦਲੀਲ ਹੋਵੇਗੀ, ਨ ਬਹਾਨਾ ਅਤੇ ਜੋ ਅਜਿਹੇ ਹਾਲ ਵਿੱਚ ਮਰਿਆ ਕਿ

ਉਸ ਨੇ ਸਮੇਂ ਦੇ ਇਮਾਮ ਦੀ ਬੈਅਤ ਨਹੀਂ ਕੀਤੀ। ਉਹ ਅਗਿਆਨਤਾ ਅਤੇ ਅੰਧਕਾਰ ਦੀ ਮੌਤ ਮਰਿਆ।"

(ਸਹੀ ਮੁਸਲਿਮ, ਕਿਤਾਬ ਬਾਬ ਵਜੂਬ ਮੁਲਾਜ਼ਮਤੁੰ ਜਮਾਅਤੁੱਲ ਮੁਸਲਿਮੀਨ)

ਫ਼ਿਰ ਇੱਕ ਹਦੀਸ ਵਿੱਚ ਆਉਂਦਾ ਹੈ ਕਿ ਹਜ਼ਰਤ ਅਬੂ ਹੁਰੈਰਾ ਤੋਂ ਬਿਆਨ ਕੀਤਾ ਗਿਆ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

" ਗਰੀਬੀ ਤੇ ਖ਼ੁਸ਼ਹਾਲੀ, ਖ਼ੁਸ਼ੀ ਤੇ ਦੁੱਖ। ਭਾਵ ਹਰ ਸਥਿਤੀ ਵਿੱਚ ਤੇਰੇ ਲਈ ਇਹ ਫਰਜ਼ ਹੈ ਕਿ ਤੂੰ ਸਮੇਂ ਦੇ ਹਾਕਮ ਦੇ ਹੁਕਮ ਨੂੰ ਸੁਣੇ ਅਤੇ ਆਗਿਆਕਾਰੀ ਕਰੇ। (ਸਹੀ ਮੁਸਲਿਮ, ਕਿਤਾਬੁੱਲ ਅੱਮਾਰਾ)

ਫ਼ਿਰ ਹਜ਼ਰਤ ਉਬਾਦਾ ਬਿਨ ਵਲੀਦ ਆਪਣੇ ਦਾਦਾ ਵੱਲੋਂ ਆਪਣੇ ਪਿਤਾ ਦੀ ਜ਼ੁਬਾਨੀ ਬਿਆਨ ਕਰਦੇ ਹਨ :

" ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਤੋਂ ਸੁਣਨ ਅਤੇ ਮੰਣਨ ਉੱਤੇ ਬੈਅਤ ਕੀਤੀ। ਔਕੜ ਅਤੇ ਆਸਾਨੀ, ਸੁੱਖ ਅਤੇ ਦੁੱਖ ਵਿੱਚ। ਭਾਵੇਂ ਸਾਡੇ ਹੱਕ ਦਾ ਧਿਆਨ ਨ ਰੱਖਿਆ ਜਾਵੇ ਅਤੇ ਇਸ ਆਧਾਰ ਉੱਤੇ ਕਿ ਅਸੀਂ ਝੱਗੜ੍ਹਾ ਨਹੀਂ ਕਰਾਂਗੇ। ਉਨ੍ਹਾਂ ਦੀ ਅਗਵਾਈ ਵਿੱਚ ਜੋ ਵੀ ਉਸ ਦਾ ਯੋਗ ਹੈ ਅਤੇ ਅਸੀਂ ਜਿੱਥੇ ਵੀ ਹੋਵਾਂਗੇ ਸੱਚ ਬੋਲਾਂਗੇ। ਰੱਬ ਦੀ ਰਾਹ ਵਿੱਚ ਅਸੀਂ ਬਦਨਾਮੀ ਤੋਂ ਨਹੀਂ ਡਰਾਂਗੇ।

(ਮੁਸਲਿਮ ਕਿਤਾਬੁੱਲ ਅੱਮਾਰਾ,ਬਾਬ ਵਜੂਬ ਤਾਅਤੁੱਲ ਉਮਰਾ ਫ਼ੀ ਗ਼ੈਰ ਮਾਅਸਿਅਤਿਨ ਵ ਤਹਰਿਮੀਹਾ ਫ਼ਿੱਲ ਮਾਸਿਅਤਿਨ)

ਇੱਕ ਹਦੀਸ ਵਿੱਚ ਆਉਂਦਾ ਹੈ ਕਿ ਹਜ਼ਰਤ ਅਬਦੁੱਲਾਹ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

" ਸੁਣਨਾ ਅਤੇ ਮੰਨਣਾ ਹਰ ਮੁਸਲਮਾਨ ਦਾ ਫਰਜ਼ ਹੈ। ਭਾਵੇਂ ਉਹ ਉਸ ਗੱਲ੍ਹ ਨੂੰ ਪਸੰਦ ਕਰੇ ਜਾਂ ਨ ਕਰੇ। ਇਸ ਤੋਂ ਬਿਨ੍ਹਾਂ ਕਿ ਉਸ ਨੂੰ ਪਾਪ ਕਰਨ ਦਾ ਹੁਕਮ ਦਿੱਤਾ ਜਾਵੇ ਅਤੇ ਜੇਕਰ ਪਾਪ ਦਾ ਹੁਕਮ ਦਿੱਤਾ ਜਾਵੇ ਤਾਂ ਫ਼ਿਰ ਆਗਿਆਕਾਰੀ ਅਤੇ ਵਫ਼ਾਦਾਰੀ ਨ ਕੀਤੀ ਜਾਵੇ।

(ਸਹੀ ਬੁਖਾਰੀ, ਕਿਤਾਬੁੱਲ ਅਹਕਾਮ, ਬਾਬ ਸੱਮਿਆ ਵ ਤਾਅਤਾ ਲੇ ਇਮਾਮ)

ਹਜ਼ਰਤ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੁ ਤੋਂ ਬਿਆਨ ਕੀਤਾ ਜਾਂਦਾ ਹੈ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ :

" ਜਿਸ ਨੇ ਮੇਰੀ ਆਗਿਆ ਮੰਨੀ, ਉਸ ਨੇ ਰੱਬ ਦੀ ਆਗਿਆ ਮੰਨੀ ਅਤੇ ਜਿਸ ਨੇ ਮੇਰੀ ਅੱਵਗਿਆ ਕੀਤੀ, ਉਸ ਨੇ ਰੱਬ ਦੀ ਅੱਵਗਿਆ ਕੀਤੀ। ਜਿਸ ਨੇ ਮੇਰੇ ਅਮੀਰ ਦੀ ਆਗਿਆ ਮੰਨੀ, ਉਸ ਨੇ ਮੇਰੀ ਆਗਿਆ ਮੰਨੀ ਅਤੇ ਜਿਸ ਨੇ ਮੇਰੇ ਅਮੀਰ ਦੀ ਅਵੱਗਿਆ ਕੀਤੀ, ਉਸ ਨੇ ਮੇਰੀ ਅਵੱਗਿਆ ਕੀਤੀ।

(ਸਹੀ ਮੁਸਲਿਮ ਕਿਤਾਬੁੱਲ ਅਮਾਰਤ, ਬਾਬ ਵਜੂਬ ਤਾਅਤੁੱਲ ਉੱਮਰਾ ਫ਼ੀ ਗੈਰੋ ਮਾਸਿਅਤੇ ਵ ਤਹਰਿਮਿਹਾ ਫ਼ਿੱਲ ਮਾਸਿਅਤ)

ਭਾਵ ਇੱਕ ਸੱਚੇ ਮੋਮਿਨ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਨਬੀ ਜਾਂ ਉਸ ਦੇ ਖ਼ਲੀਫ਼ਾ ਦੀਆਂ ਹਦਾਇਤਾਂ ਨੂੰ ਸੁਣਦਾ ਹੈ ਅਤੇ ਫ਼ਿਰ ਉਸ ਦੀ ਆਗਿਆਕਾਰੀ ਅਤੇ ਉਸ ਉੱਤੇ ਅਮਲ ਕਰਨ ਲਈ ਕਮਰ ਕੱਸ ਲੈਂਦਾ ਹੈ ਖ਼ਿਲਾਫ਼ਤ ਅਤੇ ਨਿਜ਼ਾਮੇ ਜਮਾਅਤ ਦੀ ਆਗਿਆਕਾਰੀ ਅਤੇ ਸਾਡੀ ਜ਼ਿੰਮੇਦਾਰੀਆਂ ਦੇ ਸੰਬੰਧ ਵਿੱਚ ਜਮਾਅਤ ਅਹਮਦੀਆ ਦੇ ਸਤਿਕਾਰਯੋਗ ਖੁਲਫ਼ਾ ਦੇ ਕੁੱਝ ਕਥਨ ਪਾਠਕਾਂ ਲਈ ਸਾਂਝੇ ਕੀਤੇ ਜਾਂਦੇ ਹਨ। ਜੋ ਇਸ ਵਿਸ਼ੇ ਉੱਤੇ ਕਾਫ਼ੀ ਚਾਨਣ ਪਾਉਂਦੇ ਹਨ। ਰੱਬ ਸਾਨੂੰ ਇਸ ਦੀ ਸ਼ਕਤੀ ਬਖ਼ਸ਼ੇ।

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ

" ਹੁਣ ਜੱਦ ਕਿ ਰੱਬ ਨੇ ਆਪਣੇ ਫ਼ਜ਼ਲ ਨਾਲ ਮੁਸਲਮਾਨਾਂ ਨੂੰ ਮੁੜ੍ਹ ਜ਼ਿੰਦਾ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਅਹਮਦੀਆ ਮੁਸਲਿਮ ਜਮਾਅਤ ਵਿੱਚ ਖ਼ਿਲਾਫ਼ਤ ਕਾਯਮ ਕੀਤੀ ਹੈ। ਇਸ ਲਈ ਮੈਂ ਆਪਣੀ ਜਮਾਅਤ ਨੂੰ ਕਹਿੰਦਾ ਹਾਂ ਕਿ ਤੁਹਾਡਾ ਕੰਮ ਇਹ ਹੈ ਕਿ ਤੁਸੀਂ ਸਦਾ ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਚਿਮਟਾ ਕੇ ਰੱਖੋ ਅਤੇ ਖ਼ਿਲਾਫ਼ਤ ਲਈ ਕੁਰਬਾਨੀਆਂ ਦਿੰਦੇ ਰਹੋ। ਜੇਕਰ ਤੁਸੀਂ ਇੰਝ ਕਰੋਗੇ ਤਾਂ ਤੁਹਾਡੇ

ਅੰਦਰ ਖ਼ਿਲਾਫ਼ਤ ਸਦਾ ਕਾਯਮ ਰਹੇਗੀ । ਖ਼ਿਲਾਫ਼ਤ ਰੱਬ ਨੇ ਤੁਹਾਡੇ ਹੱਥਾਂ ਵਿੱਚ ਇਸੇ ਲਈ ਦਿੱਤੀ ਹੈ ਤਾਂ ਜੋ ਉਹ ਕਹਿ ਸਕੇ ਕਿ ਇਸ ਨੂੰ ਮੈਂ ਤੁਹਾਡੇ ਹੱਥਾਂ ਵਿੱਚ ਦਿੱਤਾ ਹੈ। ਜੇਕਰ ਤੁਸੀਂ ਚਾਹੋ ਤਾਂ ਇਹ ਤੁਹਾਡੇ ਵਿੱਚ ਕਾਯਮ ਰਹੇਗੀ । ਜੇਕਰ ਰੱਬ ਚਾਹੁੰਦਾ ਤਾਂ ਉਹ ਇਸ ਨੂੰ ਆਕਾਸ਼ਬਾਣੀ ਰਾਹੀਂ ਵੀ ਕਾਯਮ ਕਰ ਸਕਦਾ ਸੀ । ਪਰ ਉਸ ਨੇ ਇੰਝ ਨਹੀਂ ਕੀਤਾ । ਸਗੋਂ ਉਸ ਨੇ ਇਹ ਕਿਹਾ ਕਿ ਜੇਕਰ ਤੁਸੀਂ ਖ਼ਿਲਾਫ਼ਤ ਨੂੰ ਕਾਇਮ ਰੱਖਣਾ ਚਾਹੋ ਤਾਂ ਮੈਂ ਵੀ ਕਾਇਮ ਰੱਖਾਂਗਾ, ਭਾਵ ਉਸ ਨੇ ਤੁਹਾਡੇ ਮੂੰਹੋਂ ਅਖਵਾਉਣਾ ਹੈ ਕਿ ਤੁਸੀਂ ਖ਼ਿਲਾਫ਼ਤ ਚਾਹੁੰਦੇ ਹੋ ਜਾਂ ਨਹੀਂ। ਹੁਣ ਜੇ ਤੁਸੀਂ ਆਪਣਾ ਮੂੰਹ ਬੰਦ ਕਰ ਲਓ ਜਾਂ ਖ਼ਿਲਾਫ਼ਤ ਦੇ ਚੋਣ ਕਰਨ ਵਿੱਚ ਯੋਗਤਾਵਾਂ ਨੂੰ ਧਿਆਨ ਵਿੱਚ ਨ ਰੱਖੋ ਤਾਂ ਤੁਸੀਂ ਇਸ ਮਿਹਰ ਤੋਂ ਵਾਂਝੇ ਹੋ ਸਕਦੇ ਹੋ । ਸੋ, ਮੁਸਲਮਾਨਾਂ ਦੀ ਤਬਾਹੀ ਦੇ ਕਾਰਨਾਂ ਉੱਤੇ ਧਿਆਨ ਦਿਓ ਅਤੇ ਆਪਣੇ ਆਪ ਨੂੰ ਮੌਤ ਤੋਂ ਬਚਾਓ। ਤੁਹਾਡੀ ਬੁੱਧੀ ਤੇਜ਼ ਹੋਣੀ ਚਾਹੀਦੀ ਹੈ ਅਤੇ ਤੁਹਾਡੇ ਮਨੋਬਲ ਉੱਚੇ ਹੋਣੇ ਚਾਹੀਦੇ ਹਨ। ਤੁਸੀਂ ਉਹ ਚੱਟਾਨ ਨ ਬਣੋ। ਜੋ ਦਰਿਆ ਦੀ ਦਿਸ਼ਾ ਨੂੰ ਮੋੜ੍ਹ ਦਿੰਦੀ ਹੈ। ਸਗੋਂ ਤੁਹਾਡਾ ਕੰਮ ਇਹ ਹੈ ਕਿ ਤੁਸੀਂ ਉਹ ਚੈਨਲ ਬਣ ਜਾਓ। ਜੋ ਪਾਣੀ ਨੂੰ ਆਸਾਨੀ ਨਾਲ ਵਹਿਣ ਦਿੰਦਾ ਹੈ। ਤੁਸੀਂ ਇੱਕ ਸੁਰੰਗ ਹੋ। ਜਿਸ ਦਾ ਕੰਮ ਉਸ ਰੱਬੀ ਮਿਹਰ ਨੂੰ ਅੱਗੇ ਵਧਾਉਣਾ ਹੈ। ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਰਾਹੀਂ ਪ੍ਰਾਪਤ ਹੋਈ ਹੈ। ਜੇਕਰ ਤੁਸੀਂ ਇੰਝ ਕਰਨ ਵਿੱਚ ਸਫ਼ਲ ਹੋ ਜਾਂਦੇ ਹੋ ਤਾਂ ਤੁਸੀਂ ਇੱਕ ਅਜਿਹੀ ਕੌਮ ਬਣ ਜਾਓਗੇ। ਜੋ ਕਦੇ ਮਰੇਗੀ ਨਹੀਂ ਅਤੇ ਜੇਕਰ ਤੁਸੀਂ ਉਸ ਬ੍ਰਹਮ ਉਪਦੇਸ਼ ਦੀ ਰਾਹ ਵਿੱਚ ਰੁਕਾਵਟ ਬਣ ਗਏ। ਉਸ ਦੀ ਰਾਹ ਵਿੱਚ ਪੱਥਰ ਬਣ ਕੇ ਖੜ੍ਹ ਗਏ ਤਾਂ ਉਹ ਤੁਹਾਡੀ ਕੌਮ ਦੀ ਬਰਬਾਦੀ ਦਾ ਸਮਾਂ ਹੋਵੇਗਾ। ਫ਼ਿਰ ਤੁਹਾਡੀ ਉਮਰ ਕਦੇ ਵੀ ਲੰਮੀ ਨਹੀਂ ਹੋਵੇਗੀ ਅਤੇ ਤੁਸੀਂ ਇੰਝ ਮਰੋਗੇ ਜਿਵੇਂ ਪਹਿਲੀਆਂ ਕੌਮਾਂ ਮਰ ਗਈਆਂ।''

(ਤਫ਼ਸੀਰ ਸੂਰਾਤੁੱਨਮਲ, ਤਫ਼ਸੀਰੇ ਕਬੀਰ ਭਾਗ 7 ਪੰਨਾ 429-430)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

‘‘ ਤੁਹਾਡਾ ਫ਼ਰਜ਼ ਹੈ ਕਿ ਜੱਦ ਵੀ ਰੱਬ ਦੇ ਰਸੂਲ ਦੀ ਆਵਾਜ਼ ਤੁਹਾਡੇ ਕੰਨਾਂ ਵਿੱਚ ਪਏ। ਤੁਸੀਂ ਤੁਰੰਤ ਉਸ ਦਾ ਜਵਾਬ ਦਿਓ ਅਤੇ ਉਸ ਨੂੰ ਪੂਰਾ ਕਰਨ ਲਈ ਜਲਦੀ ਕਰੋ ਕਿ ਇਸੇ ਵਿੱਚ ਤੁਹਾਡੀ ਤਰੱਕੀ ਦਾ ਰਾਜ਼ ਹੈ। ਸਗੋਂ ਜੇਕਰ ਕੋਈ ਵਿਅਕਤੀ ਉਸ ਸਮੇਂ ਨਮਾਜ਼ ਪੜ੍ਹ ਰਿਹਾ ਹੋਵੇ। ਉਸ ਦਾ ਫ਼ਰਜ਼ ਹੈ ਕਿ ਉਹ ਨਮਾਜ਼ ਨੂੰ ਤੋੜੇ ਅਤੇ ਰੱਬ ਦੇ ਰਸੂਲ ਦੀ ਆਵਾਜ਼ ਦਾ ਜਵਾਬ ਦੇਵੇ। ਇਹੀ ਹੁਕਮ ਆਪਣੇ ਰੁਤਬੇ ਅਨੁਸਾਰ ਖ਼ਲੀਫ਼ਾਤੁੱਲ ਰਸੂਲ ਉੱਤੇ ਵੀ ਪੂਰਾ ਹੁੰਦਾ ਹੈ ਅਤੇ ਉਸ ਦੀ ਆਵਾਜ਼ ਉੱਤੇ ਜਮ੍ਹਾਂ ਹੋਣਾ ਵੀ ਜ਼ਰੂਰੀ ਹੋ ਜਾਂਦਾ ਹੈ।’’ (ਤਕਰੀਰ ਮਨਸਬੇ ਖ਼ਿਲਾਫ਼ਤ, ਨਿਜ਼ਾਮੇ ਖ਼ਿਲਾਫ਼ਤ ਦੀਆਂ ਬਰਕਤਾਂ ਅਤੇ ਸਾਡੀ ਜ਼ਿੰਮੇਦਾਰੀਆਂ ਪੰਨਾ 42)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਜੋ ਜਮਾਅਤਾਂ ਸੰਗਠਿਤ ਹੁੰਦੀਆਂ ਹਨ। ਉਨ੍ਹਾਂ ਦੀਆਂ ਕੁੱਝ ਜ਼ਿੰਮੇਦਾਰੀਆਂ ਹੁੰਦੀਆਂ ਹਨ। ਜਿਨ੍ਹਾਂ ਤੋਂ ਬਿਨ੍ਹਾਂ ਉਨ੍ਹਾਂ ਦਾ ਕੰਮ ਕਦੇ ਵੀ ਸਹੀ ਢੰਗ ਨਾਲ ਨਹੀਂ ਚੱਲ ਸਕਦਾ। ਇਹਨਾਂ ਸ਼ਰਤਾਂ ਅਤੇ ਜ਼ਿੰਮੇਦਾਰੀਆਂ ਵਿੱਚੋਂ ਇੱਕ ਸਭ ਤੋਂ ਮਹੱਤਵਪੂਰਨ ਸ਼ਰਤ ਅਤੇ ਜ਼ਿੰਮੇਦਾਰੀ ਇਹ ਹੈ ਕਿ ਜੱਦ ਉਹ ਇੱਕ ਇਮਾਮ ਦੇ ਹੱਥ ਉੱਤੇ ਬੈਅਤ ਕਰੇ ਤਾਂ ਉਨ੍ਹਾਂ ਨੂੰ ਇਮਾਮ ਦੇ ਚਿਹਰੇ ਵੱਲ ਵੇਖਦੇ ਰਹਿਣਾ ਚਾਹੀਦਾ ਹੈ ਕਿ ਉਹ ਕੀ ਕਹਿੰਦਾ ਹੈ ਅਤੇ ਉਸ ਦੇ ਕਦਮ ਚੁੱਕਣ ਮਗਰੋਂ ਕਦਮ ਚੁੱਕਣਾ ਚਾਹੀਦਾ ਹੈ। ਇਮਾਮ ਦੀ ਥਾਂ ਤਾਂ ਇਹ ਹੈ ਕਿ ਉਹ ਹੁਕਮ ਦੇਵੇ ਅਤੇ ਪੈਰੋਕਾਰਾਂ ਦੀ ਥਾਂ ਇਹ ਹੈ ਕਿ ਉਹ ਪਾਬੰਦੀ ਕਰਨ। " (ਅਲ-ਫ਼ਜ਼ਲ 05 ਜੂਨ 1937, ਨਿਜ਼ਾਮੇ ਖ਼ਿਲਾਫ਼ਤ ਦੀਆਂ ਬਰਕਤਾਂ ਅਤੇ ਸਾਡੀ ਜ਼ਿੰਮੇਦਾਰੀਆਂ ਪੰਨਾ 42-43)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਇਸ ਗੱਲ੍ਹ ਨੂੰ ਚੰਗੀ ਤਰ੍ਹਾਂ ਯਾਦ ਰੱਖੋ ਕਿ ਖ਼ਿਲਾਫ਼ਤ ਰੱਬ ਦੀ ਰੱਸੀ ਹੈ ਅਤੇ ਅਜਿਹੀ ਰੱਸੀ ਹੈ ਕਿ ਜਿਸ ਨੂੰ ਫ਼ੜ੍ਹ ਕੇ ਤੁਸੀਂ ਤਰੱਕੀ ਕਰ ਸਕਦੇ ਹੋ ਜੋ ਉਸ ਨੂੰ ਛੱਡਦਾ ਹੈ, ਉਹ ਤਬਾਹ ਹੋ ਜਾਵੇਗਾ।"

(ਦਰਸੁੱਲ ਕੁਰਆਨ 01 ਮਾਰਚ 1912,
ਦਰਸੁੱਲ ਕੁਰਆਨ ਪੰਨਾ 67-84, ਪ੍ਰਕਾਸ਼ਿਤ ਕਾਦੀਆਂ ਨਵੰਬਰ 1912)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਅਸੀਂ ਮੰਨਦੇ ਹਾਂ ਕਿ ਖ਼ਿਲਾਫ਼ਤ ਇਸਲਾਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਜੋ ਉਸ ਤੋਂ ਬਗ਼ਾਵਤ ਕਰਦਾ ਹੈ, ਉਹ ਇਸਲਾਮ ਤੋਂ ਬਗ਼ਾਵਤ ਕਰਦਾ ਹੈ। ਜੇਕਰ ਸਾਡਾ ਇਹ ਵਿਚਾਰ ਸਹੀ ਹੈ ਤਾਂ ਜੋ ਲੋਕ ਉਸ ਨੂੰ ਮੰਨਦੇ ਹਨ, ਉਹਨਾਂ ਲਈ اَلْاِمَامُ جُنَّةٌ يُقَاتَلُ مِنْ وَّرَائِهٖ ਦਾ ਹੁਕਮ ਬਹੁਤ ਵੱਡੀ ਮਹੱਤਤਾ ਰੱਖਦਾ ਹੈ। ਕਿਉਂਕਿ ਖ਼ਿਲਾਫ਼ਤ ਦਾ ਉਦੇਸ਼ ਤਾਂ ਇਹ ਹੈ ਕਿ ਮੁਸਲਮਾਨਾਂ ਵਿੱਚ ਅਮਲ ਤੇ ਵਿਚਾਰਾਂ ਦੀ ਏਕਤਾ ਪੈਦਾ ਕੀਤੀ ਜਾਵੇ ਅਤੇ ਅਮਲ ਤੇ ਵਿਚਾਰਾਂ ਦੀ ਏਕਤਾ ਤਾਂ ਹੀ ਖ਼ਿਲਾਫ਼ਤ ਰਾਹੀਂ ਪੈਦਾ ਹੋ ਸਕਦੀ ਹੈ। ਜੇਕਰ ਖ਼ਲੀਫ਼ਾ ਦੀ ਸੰਪੂਰਨ ਆਗਿਆਕਾਰੀ ਕੀਤੀ ਜਾਵੇ ਅਤੇ ਜਿਵੇਂ ਨਮਾਜ਼ ਵਿੱਚ ਇਮਾਮ ਦੇ ਝੁੱਕਣ ਨਾਲ ਝੁੱਕਿਆ ਜਾਂਦਾ ਹੈ ਅਤੇ ਖੜ੍ਹੇ ਹੋਣ ਨਾਲ ਖੜ੍ਹਾ ਹੋਇਆ ਜਾਂਦਾ ਹੈ ਅਤੇ ਸਜਦਾਹ ਕਰਨ ਨਾਲ ਸਜਦਾਹ ਕੀਤਾ ਜਾਂਦਾ ਹੈ। ਇੰਝ ਹੀ ਖ਼ਲੀਫ਼ਾ ਦੇ ਇਸ਼ਾਰੇ ਹੇਠਾਂ ਸਾਰੀ ਜਮਾਅਤ ਕਦਮ ਮਾਰੇ ਅਤੇ ਉਸ ਦੇ ਹੁਕਮ ਤੋਂ ਬਾਹਰ ਜਾਣ ਦੀ ਕੋਸ਼ਿਸ਼ ਨ ਕਰੇ। ਨਮਾਜ਼ ਦਾ ਇਮਾਮ ਜੋ ਕੇਵਲ ਕੁੱਝ ਨਮਾਜ਼ੀਆਂ ਦਾ ਇਮਾਮ ਹੁੰਦਾ ਹੈ। ਜੱਦ ਉਸ ਬਾਰੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ਫ਼ਰਮਾਉਂਦੇ ਹਨ ਕਿ " ਜੋ ਉਸ ਦੇ ਝੁੱਕਣ ਜਾਂ ਸਜਦੇ ਤੋਂ ਪਹਿਲਾਂ ਝੁੱਕਦਾ ਜਾਂ ਸਜਦਾ ਕਰਦਾ ਹੈ ਜਾਂ ਉਸ ਤੋਂ ਪਹਿਲਾਂ ਆਪਣਾ ਸਿਰ ਚੁੱਕਦਾ ਹੈ, ਉਹ ਪਾਪੀ ਹੈ।" ਤਾਂ ਜੋ ਸਾਰੀ ਕੌਮ ਦਾ ਇਮਾਮ ਹੋਵੇ ਅਤੇ ਸਾਰੀਆਂ ਨੇ ਉਸ ਦੇ ਹੱਥ ਉੱਤੇ ਬੈਅਤ ਕੀਤੀ ਹੋਵੇ। ਉਸ ਦੀ ਆਗਿਆਕਾਰੀ ਕਿੰਨੀ ਜ਼ਰੂਰੀ ਗੱਲ੍ਹ ਸਮਝੀ ਜਾਵੇਗੀ...ਇੰਝ ਹੀ ਤੁਸੀਂ ਸਾਰੇ ਇਮਾਮ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ ਅਤੇ ਉਸ ਦੇ ਮਾਰਗਦਰਸ਼ਨ ਤੋਂ ਇੱਕ ਰਤਾ

ਭਰ ਵੀ ਨ ਭੱਟਕੋ। ਜੱਦ ਉਹ ਹੁਕਮ ਦੇਵੇ ਤਾਂ ਚਲੋ ਅਤੇ ਜੱਦ ਉਹ ਹੁਕਮ ਦੇਵੇ ਤਾਂ ਰੁਕੋ ਅਤੇ ਜਿੱਥੇ ਵੀ ਉਹ ਤੁਹਾਨੂੰ ਜਾਣ ਦਾ ਹੁਕਮ ਦੇਵੇ, ਉੱਥੇ ਜਾਓ ਅਤੇ ਜਿੱਥੋਂ ਰੁੱਕਣ ਦਾ ਹੁਕਮ ਦੇਵੇ, ਉੱਥੋਂ ਰੁੱਕ ਜਾਓ।"

(ਅਨਵਾਰੁੱਲ ਉਲੂਮ ਭਾਗ 14 ਪੰਨਾ 515-516, ਸ਼ਾਂਤੀ ਦੀ ਸਥਾਪਨਾ ਅਤੇ ਕਾਨੂੰਨ ਦੀ ਪਾਲਣਾ ਬਾਰੇ ਜਮਾਅਤੇ ਅਹਮਦੀਆ ਦਾ ਫਰਜ਼)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਜਿਵੇਂ ਉਹੀ ਟਹਿਣੀ ਫ਼ਲ ਦੇ ਸਕਦੀ ਹੈ। ਜੋ ਰੁੱਖ ਨਾਲ ਹੋਵੇ। ਉਹ ਟਹਿਣੀ ਫ਼ਲ੍ਹ ਨਹੀਂ ਦੇ ਸਕਦੀ। ਜੋ ਰੁੱਖ ਤੋਂ ਵੱਖ ਹੋਵੇ। ਇੰਝ ਹੀ ਉਹੀ ਵਿਅਕਤੀ ਸਿਲਸਿਲੇ ਦਾ ਸੁਚਾਰੂ ਢੰਗ ਨਾਲ ਕੰਮ ਕਰ ਸਕਦਾ ਹੈ। ਜੋ ਆਪਣੇ ਆਪ ਨੂੰ ਇਮਾਮ ਨਾਲ ਜੋੜ੍ਹਦਾ ਹੈ। ਜੇਕਰ ਕੋਈ ਆਪਣੇ ਆਪ ਨੂੰ ਇਮਾਮ ਨਾਲ ਨ ਜੋੜ੍ਹੇ ਤਾਂ ਭਾਵੇਂ ਉਹ ਸੰਸਾਰ ਦੇ ਗਿਆਨ ਜਾਣਦਾ ਹੋਵੇ ਉਹ ਇਨ੍ਹਾਂ ਕੰਮ ਵੀ ਨਹੀਂ ਕਰ ਸਕਦਾ। ਜਿਨ੍ਹਾਂ ਬਕਰੀ ਦਾ ਮੈਮਣਾ ਸੋ, ਜੇਕਰ ਤੁਸੀਂ ਤਰੱਕੀ ਕਰਨਾ ਚਾਹੁੰਦੇ ਹੋ ਅਤੇ ਸੰਸਾਰ ਉੱਤੇ ਰਾਜ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਮੇਰੀ ਸਲਾਹ ਹੈ ਅਤੇ ਇਹ ਮੇਰਾ ਸੰਦੇਸ਼ ਹੈ ਕਿ ਤੁਸੀਂ ਖ਼ਿਲਾਫ਼ਤ ਨਾਲ ਜੁੜ ਜਾਓ। ਰੱਬ ਦੀ ਇਸ ਰੱਸੀ ਨੂੰ ਮਜ਼ਬੂਤੀ ਨਾਲ ਫ਼ੜ੍ਹੋ। ਸਾਡੀ ਸਾਰੀਆਂ ਤਰੱਕੀਆਂ ਦਾ ਆਧਾਰ ਖ਼ਿਲਾਫ਼ਤ ਨਾਲ ਜੁੜ੍ਹਣ ਵਿੱਚ ਹੀ ਲੁੱਕਿਆ ਹੈ।"

(ਅਲ-ਫ਼ਜ਼ਲ ਇੰਟਰਨੈਸ਼ਨਲ, 23-30 ਮਈ 2003, ਪੰਨਾ 1)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਜੋ ਜਮਾਅਤਾਂ ਸੰਗਠਿਤ ਹੁੰਦੀਆਂ ਹਨ। ਉਨ੍ਹਾਂ ਵੱਲ੍ਹ ਕੁੱਝ ਜ਼ਿੰਮੇਦਾਰੀਆਂ ਲਾਇਆਂ ਜਾਂਦੀਆਂ ਹਨ ਅਤੇ ਉਨ੍ਹਾਂ ਲਈ ਕੁੱਝ ਸ਼ਰਤਾਂ ਦੀ ਪਾਲਣਾ ਲਾਜ਼ਮੀ ਹੁੰਦੀ ਹੈ। ਜਿਨ੍ਹਾਂ ਤੋਂ ਬਿਨ੍ਹਾਂ ਉਨ੍ਹਾਂ ਦਾ ਕੰਮ ਕਦੇ ਵੀ ਸਹੀ ਢੰਗ ਨਾਲ ਨਹੀਂ ਚੱਲ ਸਕਦਾ।...ਇਨ੍ਹਾਂ ਸ਼ਰਤਾਂ ਅਤੇ ਜ਼ਿੰਮੇਦਾਰੀਆਂ ਵਿੱਚੋਂ ਇੱਕ

ਸਭ ਤੋਂ ਮਹੱਤਵਪੂਰਨ ਸ਼ਰਤ ਅਤੇ ਜ਼ਿੰਮੇਦਾਰੀ ਇਹ ਹੈ ਕਿ ਜੱਦ ਉਨ੍ਹਾਂ ਨੇ ਕਿਸੇ ਇਮਾਮ ਦੀ ਬੈਅਤ ਕੀਤੀ ਹੈ ਅਤੇ ਉਸ ਦੀ ਆਗਿਆਕਾਰੀ ਨੂੰ ਸਵੀਕਾਰ ਕਰ ਲਿਆ ਹੈ ਤਾਂ ਉਹ ਇਮਾਮ ਦੇ ਚਿਹਰੇ ਵੱਲ ਵੇਖਦੇ ਰਹਿਣ ਕਿ ਉਹ ਕੀ ਕਹਿੰਦਾ ਹੈ ਅਤੇ ਉਸ ਦੇ ਕਦਮ ਪੁੱਟਣ ਪਿਛੋਂ ਹੀ ਕਦਮ ਪੁੱਟਣਾ ਚਾਹੀਦਾ ਹੈ ਅਤੇ ਮਨੁੱਖ ਨੂੰ ਅਜਿਹੀਆਂ ਗਤੀਵਿੱਧੀਆਂ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ। ਜਿਨ੍ਹਾਂ ਦਾ ਨਤੀਜਾ ਸਾਰੀ ਜਮਾਅਤ ਉੱਤੇ ਪੈਂਦਾ ਹੈ। ਫ਼ਿਰ ਇਮਾਮ ਦੀ ਲੋੜ ਅਤੇ ਜ਼ਰੂਰਤ ਨਹੀਂ ਰਹਿੰਦੀ। ਇਮਾਮ ਦੀ ਥਾਂ ਤਾਂ ਇਹ ਹੈ ਕਿ ਉਹ ਹੁਕਮ ਦੇਵੇ ਅਤੇ ਪੈਰੋਕਾਰ ਦੀ ਥਾਂ ਇਹ ਹੈ ਕਿ ਉਹ ਪਾਬੰਦੀ ਕਰਨ।" (ਅਲ-ਫ਼ਜ਼ਲ, 05 ਜੂਨ 1937, ਪੰਨਾ 1-2)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਖਲੀਫ਼ਾ ਇੱਕ ਅਧਿਆਪਕ ਹੈ ਅਤੇ ਜਮਾਅਤ ਦਾ ਹਰ ਵਿਅਕਤੀ ਇੱਕ ਵਿਦਿਆਰਥੀ ਹੈ। ਖ਼ਲੀਫ਼ਾ ਦੇ ਮੂੰਹੋਂ ਜੋ ਵੀ ਸ਼ਬਦ ਨਿਕਲਦਾ ਹੈ। ਉਸ ਨੂੰ ਅਮਲ ਤੋਂ ਬਿਨ੍ਹਾਂ ਨਹੀਂ ਛੱਡਣਾ ਚਾਹੀਦਾ।" (ਅਲ-ਫ਼ਜ਼ਲ 2 ਮਾਰਚ 1946)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਹੇ ਦੋਸਤੋਂ ! ਜਾਗੋ ਅਤੇ ਆਪਣੇ ਮੁਕਾਮ ਨੂੰ ਸਮਝੋ ਅਤੇ ਆਗਿਆਕਾਰੀ ਦੀ ਅਜਿਹੀ ਮਿਸਾਲ ਵਿਖਾਓ। ਜੋ ਸੰਸਾਰ ਦੇ ਪਰਦੇ ਉੱਤੇ ਕਿੱਥੇ ਵੀ ਨ ਲੱਭਦੀ ਹੋਵੇ ਅਤੇ ਘੱਟੋ ਘੱਟ ਭਵਿੱਖ ਲਈ ਕੋਸ਼ਿਸ਼ ਕਰੋ ਕਿ 100 ਵਿੱਚੋਂ 100 ਹੀ ਸੰਪੂਰਨ ਆਗਿਆਕਾਰ ਹੋਣ ਅਤੇ ਉਨ੍ਹਾਂ ਦੀ ਮਿਸਾਲ ਵਿਖਾਓ ਅਤੇ ਕਿਸੇ ਦਾ ਸ਼ਰੀਰ ਉਸ ਢਾਲ ਤੋਂ ਬਾਹਰ ਨ ਹੋਵੇ। ਜਿਸ ਨੂੰ ਰੱਬ ਨੇ ਤੁਹਾਡੀ ਰੱਖਿਆ ਲਈ ਨਿੱਯੁਕਤ ਕੀਤਾ ਹੈ ਅਤੇ اَلْاِمَامُ جُنَّةٌ يُقَاتَلُ مِنْ وَّرَائِهٖ ਉੱਤੇ ਇੰਝ ਅਮਲ ਕਰੋ ਕਿ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ਦੀ ਰੂਹ ਤੁਹਾਡੇ ਤੋਂ ਖ਼ੂਸ਼ ਹੋ ਜਾਵੇ।"

(ਅਨਵਾਰੁੱਲ ਉਲੂਮ ਭਾਗ 14 ਪੰਨਾ 525)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਖ਼ਿਲਾਫ਼ਤ ਦੇ ਤਾਂ ਅਰਥ ਹੀ ਇਹ ਹਨ ਕਿ ਜਿਸ ਪਲ ਖ਼ਲੀਫ਼ਾ ਦੇ ਮੂੰਹੋਂ ਕੋਈ ਸ਼ਬਦ ਨਿਕਲੇ। ਸਾਰੀਆਂ ਸਕੀਮਾਂ, ਸਾਰੀਆਂ ਸਲਾਹਾਂ ਤੇ ਸਾਰੀਆਂ ਰਣਨੀਤੀਆਂ ਸੁੱਟ ਦਿੱਤੀਆਂ ਜਾਣ ਅਤੇ ਸਮਝ ਲਿਆ ਜਾਵੇ ਕਿ ਹੁਣ ਉਹੀ ਸਕੀਮ, ਉਹੀ ਸਲਾਹ ਅਤੇ ਉਹੀ ਰਣਨੀਤੀ ਉਪਯੋਗੀ ਹੈ। ਜਿਸ ਦਾ ਖ਼ਲੀਫ਼ਾ ਵੱਲੋਂ ਆਦੇਸ਼ ਪ੍ਰਾਪਤ ਹੋਇਆ ਹੈ। ਜੱਦ ਤੱਕ ਇਹ ਭਾਵਨਾ ਜਮਾਅਤ ਵਿੱਚ ਪੈਦਾ ਨਹੀਂ ਹੁੰਦੀ। ਉਸ ਸਮੇਂ ਤੱਕ ਸਾਰੇ ਉਪਦੇਸ਼ ਵਿਅਰਥ ਹਨ। ਸਾਰੀਆਂ ਯੋਜਨਾਵਾਂ ਬੇਕਾਰ ਹਨ ਅਤੇ ਸਾਰੀਆਂ ਰਣਨੀਤੀਆਂ ਅਸਫਲ ਹਨ।"

(ਖ਼ੁਤਬਾ ਜੁਮਆ, 24 ਜਨਵਰੀ 1936, ਅਲ-ਫ਼ਜ਼ਲ 31 ਜਨਵਰੀ 1936, ਪੰਨਾ 9)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਇਮਾਮ ਅਤੇ ਖ਼ਲੀਫ਼ਾ ਦੀ ਲੋੜ ਇਹੀ ਹੈ ਕਿ ਹਰ ਕਦਮ ਜੋ ਮੋਮਿਨ ਚੁੱਕਦਾ ਹੈ। ਉਸ ਦੀ ਪਾਲਣਾ ਵਿੱਚ ਚੁੱਕਦਾ ਹੈ। ਆਪਣੀ ਮਰਜ਼ੀ ਅਤੇ ਇੱਛਾ ਨੂੰ ਉਸ ਦੀ ਇੱਛਾ ਅਤੇ ਮਰਜ਼ੀ ਅਧੀਨ ਕਰਦਾ ਹੈ। ਆਪਣੀਆਂ ਯੋਜਨਾਵਾਂ ਨੂੰ ਉਸ ਦੀਆਂ ਯੋਜਨਾਵਾਂ ਦੇ ਅਧੀਨ ਕਰਦਾ ਹੈ। ਆਪਣੇ ਉਦੇਸ਼ਾਂ ਨੂੰ ਉਸ ਦੇ ਉਦੇਸ਼ਾਂ ਅਧੀਨ ਕਰਦਾ ਹੈ। ਆਪਣੀਆਂ ਇੱਛਾਵਾਂ ਨੂੰ ਉਸ ਦੀਆਂ ਇੱਛਾਵਾਂ ਦੇ ਅਧੀਨ ਕਰ ਲੈਂਦਾ ਹੈ ਅਤੇ ਆਪਣੇ ਸਾਧਨਾਂ ਨੂੰ ਉਸ ਦੇ ਸਾਧਨਾਂ ਅਧੀਨ ਕਰਦਾ ਹੈ। ਜੇਕਰ ਮੋਮਿਨ ਇਸ ਬਿੰਦੂ ਉੱਤੇ ਖੜੇ ਹੋ ਜਾਣ ਤਾਂ ਉਹਨਾਂ ਲਈ ਸਫ਼ਲਤਾ ਅਤੇ ਜਿੱਤ ਸੰਭਵਤਾ ਹੈ।''

(ਅਲ-ਫ਼ਜ਼ਲ 4 ਸਤੰਬਰ 1937,
ਨਿਜ਼ਾਮੇ ਖ਼ਿਲਾਫ਼ਤ ਦੀਆਂ ਬਰਕਤਾਂ ਅਤੇ ਸਾਡੀ ਜ਼ਿੰਮੇਦਾਰੀਆਂ ਪੰਨਾ 44-45)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਯਾਦ ਰੱਖੋ ਈਮਾਨ ਇਸ ਗੱਲ੍ਹ ਦਾ ਨਾਂ ਹੈ ਕਿ ਰੱਬ ਰਾਹੀਂ ਕਾਯਮ ਖਲੀਫ਼ਾ ਦੇ ਮੂੰਹੋਂ ਜੋ ਵੀ ਆਵਾਜ਼ ਨਿੱਕਲੇ। ਉਸ ਨੂੰ ਮੰਨਣਾ ਅਤੇ ਆਗਿਆਕਾਰੀ ਕਰਨਾ।" (ਅਲ-ਫ਼ਜ਼ਲ, 15 ਦਸੰਬਰ 1994,

ਖ਼ਿਲਾਫ਼ਤ ਦੀਆਂ ਬਰਕਤਾਂ ਅਤੇ ਸਾਡੀ ਜ਼ਿੰਮੇਦਾਰੀਆਂ ਪੰਨਾ 45)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

"...ਇੱਕ ਵਿਅਕਤੀ ਭਾਵੇਂ ਹਜ਼ਾਰ ਵਾਰ ਆਖੇ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉੱਤੇ ਵਿਸ਼ਵਾਸ ਲਿਆਉਣਾ। ਹਜ਼ਾਰ ਵਾਰ ਕੋਈ ਆਖੇ ਕਿ ਮੈਂ ਅਹਮਦੀਅਤ ਦਾ ਅਨੁਯਾਈ ਹਾਂ। ਉਸ ਦੇ ਇੰਨ੍ਹਾ ਦਾਅਵਿਆਂ ਦੀ ਰੱਬ ਦੀ ਨਜ਼ਰ ਵਿੱਚ ਕੋਈ ਕੀਮਤ ਨਹੀਂ। ਜੱਦ ਤੱਕ ਉਹ ਉਸ ਵਿਅਕਤੀ ਦੇ ਹੱਥ ਵਿੱਚ ਆਪਣਾ ਹੱਥ ਨਹੀਂ ਦਿੰਦਾ। ਜਿਸ ਰਾਹੀਂ ਰੱਬ ਇਸ ਯੁੱਗ ਵਿੱਚ ਇਸਲਾਮ ਨੂੰ ਕਾਯਮ ਕਰਨਾ ਚਾਹੁੰਦਾ ਹੈ। ਜੱਦ ਤੱਕ ਜਮਾਅਤ ਦਾ ਹਰ ਵਿਅਕਤੀ ਉਸ ਦੇ ਆਖੇ ਨਹੀਂ ਲੱਗਦਾ ਅਤੇ ਉਸ ਦੀ ਆਗਿਆਕਾਰੀ ਨਹੀਂ ਕਰਦਾ ਅਤੇ ਜੱਦ ਤੱਕ ਉਹ ਆਪਣੇ ਜੀਵਨ ਦੇ ਹਰ ਪਲ ਉਸ ਦੇ ਆਖੇ ਨਹੀਂ ਲੱਗਦਾ। ਉਦੋਂ ਤੱਕ ਉਹ ਕਿਸੇ ਵੀ ਪ੍ਰਕਾਰ ਦੀ ਉੱਤਮਤਾ ਅਤੇ ਮਹਾਨਤਾ ਦਾ ਹੱਕਦਾਰ ਨਹੀਂ ਹੋਵੇਗਾ।"

(ਅਲ-ਫ਼ਜ਼ਲ, 15 ਨਵੰਬਰ 1946)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਬੇਸ਼ੱਕ ਮੈਂ ਨਬੀ ਨਹੀਂ ਹਾਂ। ਪਰ ਮੈਂ ਨਬੁੱਵਤ ਦੇ ਚਿੰਨ੍ਹਾਂ ਉੱਤੇ ਅਤੇ ਉਸ ਦੀ ਥਾਂ ਉੱਤੇ ਖੜ੍ਹਾ ਹਾਂ। ਜੋ ਵੀ ਮੇਰੀ ਅੱਵਗਿਆ ਕਰਦਾ ਹੈ। ਉਹ ਨਿਸ਼ਚਿਤਾ ਨਬੀ ਦੀ ਅੱਵਗਿਆ ਕਰਦਾ ਹੈ। ਮੇਰੀ ਆਗਿਆਕਾਰੀ ਅਤੇ ਆਗਿਆ ਦੀ ਪਾਲਣਾ ਵਿੱਚ ਰੱਬ ਦੀ ਆਗਿਆਕਾਰੀ ਅਤੇ ਆਗਿਆ ਦੀ ਪਾਲਣਾ ਹੈ।" (ਅਲ-ਫ਼ਜ਼ਲ, 04 ਸਤੰਬਰ 1937)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਜੋ ਕੋਈ ਖ਼ਲੀਫ਼ਾ ਦੇ ਹੁਕਮ ਦੀ ਅੱਵਗਿਆ ਕਰਦਾ ਹੈ । ਉਹ ਉਨ੍ਹਾਂ ਹੀ ਦੋਸ਼ੀ ਹੈ । ਜਿੰਨ੍ਹਾਂ ਉਹ ਵਿਅਕਤੀ ਜੋ ਰੱਬ ਅਤੇ ਉਸ ਦੇ ਰਸੂਲ ਦੀ ਅੱਵਗਿਆ ਕਰਦਾ ਹੈ ਅਤੇ ਭਾਵੇਂ ਉਸ ਵਲੋਂ ਕੋਈ ਸਜ਼ਾ ਨਿਰਧਾਰਤ ਨਹੀਂ ਕੀਤੀ ਗਈ ਹੈ। ਪਰ ਮੋਮਿਨਾਂ ਅਨੁਸਾਰ ਅੱਵਗਿਆ ਆਪਣੇ ਆਪ ਵਿੱਚ ਇੱਕ ਸਜ਼ਾ ਹੈ ਅਤੇ ਇਹ ਮਹਿਸੂਸ ਕਰਨਾ ਕਿ ਖ਼ਲੀਫਾ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ ਗਈ । ਆਪਣੇ ਆਪ ਵਿੱਚ ਇੱਕ ਸਜ਼ਾ ਹੈ ਅਤੇ ਅਸਲ ਸਜ਼ਾ ਇਹੀ ਹੈ। ਦੂਜੀ ਸਜ਼ਾਵਾਂ ਤਾਂ ਇੰਝ ਹੀ ਦਿੱਤੀਆਂ ਜਾਂਦੀਆਂ ਹਨ। ਰੱਬ ਦੁਆਰਾ ਨਿੱਯੁਕਤ ਸਿਲਸਿਲੇ ਅਤੇ ਖ਼ਲੀਫ਼ਾ ਦੀ ਅੱਵਗਿਆ ਤੋਂ ਵੱਧ ਕੀ ਸਜ਼ਾ ਹੋ ਸਕਦੀ ਹੈ। ਰੱਬ ਅਤੇ ਉਸ ਦੇ ਰਸੂਲ ਦੀ ਨਰਾਜ਼ਗੀ ਆਪਣੇ ਆਪ ਵਿੱਚ ਇੱਕ ਵੱਡੀ ਸਜ਼ਾ ਹੈ। ਨਰਕ ਦੀ ਸਜ਼ਾ ਦਾ ਅਰਥ ਹੈ ਕਿ ਰੱਬ ਨਾਰਾਜ਼ ਹੈ। ਸੋ, ਭਾਵੇਂ ਹੁਕਮਾਂ ਦੀ ਉਲੰਘਣਾ ਕਰਨ ਦੀ ਕੋਈ ਸਜ਼ਾ ਨਹੀਂ ਹੈ। ਪਰ ਉਹ ਤਾਂ ਹੁਕਮ ਹੀ ਹਨ।"

(ਰਿਪੋਰਟ ਮਜਲਿਸ ਸ਼ੂਰਾ 1942 ਪੰਨਾ 25)

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਜਿਲਦ 3 ਪੰਨਾ 558)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਰੱਬ ਨੇ ਫ਼ਿਰ ਆਪਣੀ ਕਿਰਪਾ ਨਾਲ ਮੁਸਲਮਾਨਾਂ ਨੂੰ ਮੁੜ੍ਹ ਜੀਵਿਤ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਅਹਮਦੀਆ ਮੁਸਲਿਮ ਜਮਾਅਤ ਵਿੱਚ ਖ਼ਿਲਾਫ਼ਤ ਕਾਯਮ ਕੀਤੀ ਹੈ । ਮੈਂ ਆਪਣੀ ਜਮਾਅਤ ਨੂੰ ਕਹਿੰਦਾ ਹਾਂ ਕਿ ਤੁਹਾਡਾ ਕੰਮ ਸਦਾ ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਜੋੜੀ ਰੱਖਣਾ ਹੈ ਅਤੇ ਖ਼ਿਲਾਫ਼ਤ ਨੂੰ ਕਾਯਮ ਰੱਖਣ ਲਈ ਕੁਰਬਾਨੀਆਂ ਦਿੰਦੇ ਰਹਿਣਾ ਹੈ। ਜੇਕਰ ਤੁਸੀਂ ਇੰਝ ਕਰੋਗੇ ਤਾਂ ਤੁਹਾਡੇ ਅੰਦਰ ਖ਼ਿਲਾਫ਼ਤ ਸਦਾ ਕਾਇਮ ਰਹੇਗੀ। (ਤਫ਼ਸੀਰੇ ਕਬੀਰ ਭਾਗ 7 ਪੰਨਾ 430)

(ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ ਭਾਗ 3 ਪੰਨਾ 478)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਫ਼ਰਮਾਉਂਦੇ ਹਨ :

''...ਰੱਬ, ਖ਼ਲੀਫ਼ਾ ਨਿੱਯੁਕਤ ਕਰਦਾ ਹੈ ਅਤੇ ਆਪ ਉਹਨਾਂ ਦੇ ਡਰ ਨੂੰ ਦੂਰ ਕਰਦਾ ਹੈ। ਜੋ ਹਰ ਸਮੇਂ ਦੂਜੀਆਂ ਦੀ ਇੱਛਾ ਅਨੁਸਾਰ ਇੱਕ ਸੇਵਕ ਵਾਂਗ ਕੰਮ ਕਰਦਾ ਹੈ, ਉਸ ਨੂੰ ਕਿਸ ਗੱਲ੍ਹ ਦਾ ਡਰ। ਜੱਦ ਕਿ ਖ਼ਲੀਫ਼ਾ ਲਈ ਇਹ ਜ਼ਰੂਰੀ ਹੈ ਕਿ ਰੱਬ ਉਸ ਨੂੰ ਬਣਾਉਂਦਾ ਹੈ ਅਤੇ ਉਹਨਾਂ ਦੇ ਡਰ ਨੂੰ ਅਮਨ ਵਿੱਚ ਬਦਲਦਾ ਹੈ ਅਤੇ ਉਹ ਰੱਬ ਦੀ ਹੀ ਇਬਾਦਤ ਕਰਦੇ ਹਨ ਅਤੇ ਦਵੈਤਵਾਦ ਨਹੀਂ ਕਰਦੇ। ਫ਼ਰਮਾਇਆ ਕਿ ਜੇਕਰ ਨਬੀ ਨੂੰ ਕੋਈ ਵੀ ਨਹੀਂ ਮੰਨਦਾ ਤਾਂ ਉਸ ਦੀ ਨਬੁੱਵਤ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਉਹ ਨਬੀ ਹੀ ਰਹਿੰਦਾ ਹੈ। ਖ਼ਲੀਫ਼ਾ ਦਾ ਵੀ ਇਹੀ ਹਾਲ ਹੈ। ਭਾਵੇਂ ਹਰ ਕੋਈ ਉਸ ਨੂੰ ਛੱਡ ਦੇਵੇ। ਫ਼ਿਰ ਵੀ ਉਹ ਖ਼ਲੀਫ਼ਾ ਹੈ। ਕਿਉਂਕਿ ਜੋ ਹੁਕਮ ਮੂਲ ਦਾ ਹੈ, ਉਹੀ ਸ਼ਾਖਾ ਦਾ ਵੀ ਹੈ। ਚੰਗੀ ਤਰ੍ਹਾਂ ਯਾਦ ਰੱਖੋ ਕਿ ਜੋ ਕੇਵਲ ਰਾਜ ਕਰਨ ਲਈ ਖ਼ਲੀਫ਼ਾ ਬਣਿਆ ਹੈ ਤਾਂ ਉਹ ਝੂੱਠਾ ਹੈ ਅਤੇ ਜੇਕਰ ਉਹ ਰੱਬ ਵੱਲੋਂ ਸੁਧਾਰ ਲਈ ਕੰਮ ਕਰਦਾ ਹੈ ਤਾਂ ਉਹ ਰੱਬ ਨੂੰ ਪਿਆਰਾ ਹੁੰਦਾ ਹੈ। ਭਾਵੇਂ ਸਾਰਾ ਸੰਸਾਰ ਹੀ ਉਸ ਦਾ ਵਿਰੋਧੀ ਕਿਉਂ ਨ ਹੋਵੇ।" (ਮਨਸਬੇ ਖ਼ਿਲਾਫ਼ਤ, ਅਨਵਾਰੁੱਲ ਉਲੂਮ ਭਾਗ 2 ਪੰਨਾ 53-54)

(ਖ਼ੁਤਬਾਤੇ ਮਸਰੂਰ ਭਾਗ 2 ਪੰਨਾ 201-202, ਪ੍ਰਕਾਸ਼ਿਤ ਕਾਦੀਆਂ 2005)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

"...ਆਪ ਲੋਕਾਂ ਦਾ ਫ਼ਰਜ਼ ਹੈ ਕਿ ਰੱਬ ਦੇ ਇਸ ਮਹਾਨ ਇਨਾਮ ਦੀ ਕਦਰ ਕਰੋ ਅਤੇ ਉਸ ਲਈ ਰੱਬ ਦਾ ਧੰਨਵਾਦ ਕਰੋ। ਖ਼ਲੀਫ਼ਾ ਅਤੇ ਨਿਜ਼ਾਮੇ ਜਮਾਅਤ ਨਾਲ ਪਿਆਰ ਅਤੇ ਆਗਿਆਕਾਰੀ ਦਾ ਅਟੁੱਟ ਸੰਬੰਧ ਕਾਯਮ ਕਰੋ ਅਤੇ ਇਹੀ ਗੱਲ੍ਹ ਤੁਹਾਡੀ ਸ਼ਾਨ ਨੂੰ ਵਧਾਉਣ ਵਾਲੀ ਹੋਣੀ ਚਾਹੀਦੀ ਹੈ। ਰੱਬ ਕਰੇ ਤੁਸੀਂ ਨੇਕੀ, ਧਾਰਮਿਕਤਾ, ਇਮਾਨਦਾਰੀ ਤੇ ਆਗਿਆਕਾਰੀ ਦੀ ਇੱਕ ਮਹਾਨ ਮਿਸਾਲ ਬਣ ਜਾਓ।...ਮੇਰੇ ਉੱਤੇ ਯਕੀਨ ਕਰੋ ਕਿ

ਜੇਕਰ ਤੁਸੀਂ ਸੰਜਮਤਾ ਉੱਤੇ ਕਾਯਮ ਰਹੇ। ਜੇਕਰ ਤੁਹਾਡਾ ਖ਼ਲੀਫ਼ਾ ਨਾਲ ਪਿਆਰ ਅਤੇ ਵਫ਼ਾਦਾਰੀ ਦਾ ਸੰਬੰਧ ਬਣਿਆ ਰਿਹਾ ਅਤੇ ਜਮਾਅਤ ਦੇ ਨਿਜ਼ਾਮ ਅਤੇ ਖ਼ਿਲਾਫ਼ਤੇ ਅਹਮਦੀਆ ਦੀ ਆਗਿਆਕਾਰੀ ਅਤੇ ਆਦਰ ਸਤਿਕਾਰ ਆਪ ਦੇ ਦਿਲ੍ਹਾਂ ਵਿੱਚ ਰਿਹਾ ਤਾਂ ਤੁਸੀਂ ਰੱਬ ਦੀ ਉਹਨਾਂ ਸਦੇਵੀਂ ਮਿਹਰਾਂ ਦੇ ਸਦਾ ਹੱਕਦਾਰ ਹੋਵੋਗੇ। ਜਿਨ੍ਹਾਂ ਦਾ ਰੱਬ ਨੇ ਪਵਿੱਤਰ ਕੁਰਆਨ ਵਿੱਚ ਆਪਣੇ ਮੋਮਿਨ ਬੰਦੀਆਂ ਨੂੰ ਵਚਨ ਦਿੱਤਾ ਹੈ। ਉਸ ਦੀ ਬਰਕਤਾਂ ਨਾਲ ਆਪ ਦਾ ਦੀਨ ਅਤੇ ਦੁਨੀਆਂ ਵੀ ਸੁਖਾਵਾਂ ਰਹੇਗਾ ਅਤੇ ਆਪ ਨੂੰ ਖ਼ੁਸ਼ਹਾਲੀ ਮਿਲੇਗੀ ਅਤੇ ਉਸ ਦੀ ਬਰਕਤ ਨਾਲ ਰੱਬ ਤੁਹਾਡੇ ਡਰ ਨੂੰ ਸਦਾ ਅਮਨ ਵਿੱਚ ਬਦਲ ਦੇਵੇਗਾ। ਪਰ ਇਬਾਦਤ ਅਤੇ ਨੇਕ ਕਰਮ ਜ਼ਰੂਰੀ ਹਨ। ਉਹਨਾਂ ਨੂੰ ਧਿਆਨ ਵਿੱਚ ਰੱਖੋ ਅਤੇ ਖ਼ਲੀਫ਼ਾ ਦੇ ਸੱਦੇ ਨੂੰ ਹੁੰਗਾਰਾ ਦੇਣ ਲਈ ਸਦਾ ਤਿਆਰ ਰਹੋ। ਤੱਦ ਸਫਲਤਾ ਤੁਹਾਡੇ ਪੈਰ ਚੁੰਮੇਗੀ ਅਤੇ ਆਪ ਨੂੰ ਇਸ ਸੰਸਾਰ ਅਤੇ ਪਰਲੋਕ ਦੀ ਤਰੱਕੀ ਰਾਹੀਂ ਉੱਚੀਆਂ ਪਦਵੀਆਂ ਪ੍ਰਾਪਤ ਹੋਣਗੀਆਂ।

ਰੱਬ ਤੁਹਾਨੂੰ ਮੇਰੀਆਂ ਇਨ੍ਹਾਂ ਸਲਾਹਾਂ ਉੱਤੇ ਚੱਲਣ ਦੀ ਸਮਰਥਾ ਬਖ਼ਸ਼ੇ ਅਤੇ ਤੁਸੀਂ ਇਸ ਪਵਿੱਤਰ ਬਸਤੀ ਦਾ ਹੱਕ ਸੱਚੇ ਰੰਗ ਵਿੱਚ ਅਦਾ ਕਰਨ ਵਾਲੇ ਬਣ ਜਾਓ। ਆਮੀਨ" (ਰਿਸਾਲਾ ਅੰਸਾਰੁੱਲਾਹ ਕਾਦੀਆਂ)

(ਖਿਲਾਫਤੇ ਅਹਮਦੀਆ ਸ਼ਤਾਬਦੀ ਜੁਬਲੀ ਨੰਬਰ 2008 ਪੰਨਾ 29)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

ਯਾਦ ਰੱਖੋ...ਜੇਕਰ ਤੁਸੀਂ ਦਾਅਵਾ ਕੀਤਾ ਹੈ ਕਿ ਤੁਸੀਂ ਰੱਬ ਲਈ ਖ਼ਿਲਾਫ਼ਤ ਨਾਲ ਪਿਆਰ ਕਰਦੇ ਹੋ ਤਾਂ ਜਮਾਅਤੀ ਨਿਜ਼ਾਮ ਦੀ ਪਾਲਣਾ ਕਰੋ। ਜੋ ਨਿਜ਼ਾਮੇ ਖ਼ਿਲਾਫ਼ਤ ਦਾ ਹਿੱਸਾ ਹੈ।"

(ਅਲ-ਫ਼ਜ਼ਲ ਇੰਟਰਨੈਸ਼ਨਲ 15 ਜੁਲਾਈ 2005)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਰੱਬ ਅਤੇ ਰਸੂਲ ਦੀ ਆਗਿਆਕਾਰੀ ਇਸੇ ਵਿੱਚ ਹੈ ਕਿ ਨਿਜ਼ਾਮੇ ਜਮਾਅਤ ਦੀ, ਜਮਾਅਤੀ ਓਹਦੇਦਾਰਾਂ ਦੀ ਆਗਿਆਕਾਰੀ ਕੀਤੀ ਜਾਵੇ। ਉਨ੍ਹਾਂ ਦੇ ਹੁਕਮਾਂ ਅਤੇ ਉਨ੍ਹਾਂ ਦੇ ਫੈਸਲਿਆਂ ਦੀ ਪਾਲਣਾ ਕੀਤੀ ਜਾਵੇ। ਜੇਕਰ ਇਹ ਫ਼ੈਸਲੇ ਗਲਤ ਹਨ ਤਾਂ ਰੱਬ ਤੁਹਾਨੂੰ ਤੁਹਾਡੇ ਸਬਰ ਸੰਤੋਖ ਲਈ ਇਨਾਮ ਅਤੇ ਨੇਕ ਬਦਲਾ ਦੇਵੇਗਾ। ਕਿਉਂਕਿ ਤੁਸੀਂ ਅੰਤਿਮ ਦਿਨ ਨੂੰ ਮੰਨਦੇ ਹੋ। ਸੋ, ਮਾਮਲਾ ਰੱਬ ਉੱਤੇ ਛੱਡੋ। ਤੁਹਾਨੂੰ ਆਪਣੇ ਵਿਰੋਧ ਉੱਤੇ ਜ਼ਿੱਦ ਕਰਨ ਦਾ ਅਧਿਕਾਰ ਨਹੀਂ ਹੈ। ਤੁਹਾਡਾ ਕੰਮ ਆਗਿਆਕਾਰੀ ਕਰਨਾ, ਆਗਿਆਕਾਰੀ ਕਰਨਾ, ਆਗਿਆਕਾਰੀ ਕਰਨਾ ਹੈ।"

(ਖ਼ੁਤਬਾਤੇ ਮਸਰੂਰ ਭਾਗ 1 ਪੰਨਾ 260-261)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਹੁਣ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਦੀ ਗ਼ੁਲਾਮੀ ਤੇ ਖ਼ਿਲਾਫ਼ਤ ਦੀ ਆਗਿਆਕਾਰੀ ਵਿੱਚ ਹੀ ਰੱਬ ਦੀਆਂ ਬਰਕਤਾਂ ਨੂੰ ਜਜ਼ਬ ਕਰਨ ਦੇ ਰਾਹ ਹਨ। ਇਸ ਤੋਂ ਬਿਨ੍ਹਾਂ ਹੋਰ ਕੋਈ ਤਰੀਕ ਨਹੀਂ ਰੱਬ ਸਾਰੇ ਅਹਮਦੀਆਂ ਨੂੰ ਇਸ ਦੀ ਸਮਝ ਬਖ਼ਸ਼ੇ। ਆਸਥਾ, ਵਫ਼ਾਦਾਰੀ ਅਤੇ ਆਗਿਆਕਾਰੀ ਦੇ ਸੰਬੰਧ ਨੂੰ ਅੱਗੇ ਤੋਂ ਅੱਗੇ ਵਧਾਉਂਦੇ ਰਹੋ ਤਾਂ ਜੋ ਅਸੀਂ ਜਲਦੀ ਤੋਂ ਜਲਦੀ ਸੰਸਾਰ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਝੰਡੇ ਨੂੰ ਬੁਲੰਦ ਕਰਕੇ ਸੰਸਾਰ ਵਿੱਚ ਇਸਲਾਮੀ ਹਕੂਮਤ ਕਾਯਮ ਕਰਨ ਵਾਲੇ ਬਣਿਏ।"

(ਅਲ-ਫ਼ਜ਼ਲ ਇੰਟਰਨੈਸ਼ਨਲ 12-18 ਜੂਨ 2015 ਪੰਨਾ 10)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਆਪਣੇ ਆਪ ਨੂੰ ਮਸੀਹ ਮੌਊਦ ਅਲੈਹਿ ਸਲਾਮ ਨਾਲ ਜੋੜ੍ਹ ਕੇ ਫ਼ਿਰ ਖ਼ਿਲਾਫ਼ਤ ਦੀ ਸੰਪੂਰਨ ਆਗਿਆਕਾਰੀ ਕਰਨਾ, ਇਹੀ ਚੀਜ਼ ਹੈ ਜੋ ਜਮਾਅਤ ਵਿੱਚ ਮਜ਼ਬੂਤੀ ਅਤੇ ਅਧਿਆਤਮਿਕਤਾ ਵਿੱਚ ਤਰੱਕੀ ਦਾ ਸਾਧਨ ਬਣੇਗੀ। ਜਮਾਅਤ ਵਿੱਚ ਖ਼ਿਲਾਫ਼ਤ ਦੀ ਪਛਾਣ ਅਤੇ ਉਸ ਦਾ ਸਹੀ ਗਿਆਨ ਅਤੇ ਸਮਝ

ਇੰਝ ਪੈਦਾ ਹੋਵੇ ਕਿ ਖ਼ਲੀਫ਼ਾ ਦੇ ਹਰ ਫ਼ੈਸਲੇ ਨੂੰ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕੀਤਾ ਜਾਵੇ ਅਤੇ ਦਿਲ੍ਹ ਵਿੱਚ ਕਿਸੇ ਕਿਸਮ ਦੀ ਰੋਕ ਪੈਦਾ ਨ ਹੋਵੇ। ਕੋਈ ਗੱਲ੍ਹ ਸੁਣ ਕੇ ਦਿਲ੍ਹ ਵਿੱਚ ਬੇਚੈਨੀ ਉਤਪੰਨ ਨ ਹੋਵੇ। ਖਲੀਫ਼ਾ ਦੀ ਹਰ ਮਾਮਲੇ ਵਿੱਚ ਆਗਿਆਕਾਰੀ ਅਤੇ ਨਿਜ਼ਾਮ ਦੀ ਪਾਲਣਾ ਦਾ ਇੱਕ ਮਹੱਤਵ ਹੈ ਅਤੇ ਇਹ ਮਹੱਤਵ ਹਰੇਕ ਉੱਤੇ ਸਪੱਸ਼ਟ ਹੋਣਾ ਚਾਹੀਦਾ ਹੈ।

(ਖ਼ੁਤਬਾ ਜੁਮਆ 31 ਜਨਵਰੀ 2014)

(ਅਲ-ਫ਼ਜ਼ਲ ਇੰਟਰਨੈਸ਼ਨਲ 12-18 ਜੂਨ 2015 ਪੰਨਾ 10)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਹਰੇਕ ਅਹਮਦੀ ਲਈ ਸੰਪੂਰਨ ਆਗਿਆਕਾਰੀ ਕਰਨਾ ਵੀ ਜ਼ਰੂਰੀ ਹੈ ਜੱਦ ਹਰ ਕੋਈ ਸੰਪੂਰਨ ਆਗਿਆਕਾਰ ਹੋਵੇਗਾ ਤਾਂ ਰੂਹਾਨੀ ਉੱਚਾਈਆਂ ਵੱਲ੍ਹ ਸਾਡੇ ਕਦਮ ਵੱਧਣਗੇ। (ਖ਼ੁਤਬਾ ਜੁਮਆ 6 ਜੂਨ 2014)

(ਅਲ-ਫ਼ਜ਼ਲ ਇੰਟਰਨੈਸ਼ਨਲ 12-18 ਜੂਨ 2015 ਪੰਨਾ 11)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਹਰੇਕ ਲਈ ਆਪਣੀ ਆਗਿਆਕਾਰੀ ਨੂੰ ਮਾਪਣ ਦਾ ਮਿਆਰ ਇਹ ਹੈ ਕਿ ਕੀ ਦਿਲ੍ਹ ਵਿੱਚ ਨੂਰ ਪੈਦਾ ਹੋ ਰਿਹਾ ਹੈ ? ਕੀ ਆਗਿਆਕਾਰੀ ਨਾਲ ਰੂਹ ਵਿੱਚ ਆਨੰਦ ਅਤੇ ਚਾਨਣ ਉਤਪੰਨ ਹੋ ਰਿਹਾ ਹੈ ? ਜੇ ਹਰ ਕੋਈ ਇਸ ਬਾਰੇ ਸੋਚਦਾ ਹੈ ਤਾਂ ਉਹ ਆਪ ਫ਼ੈਸਲਾ ਕਰੇਗਾ ਕਿ ਉਸ ਦੀ ਆਗਿਆਕਾਰੀ ਦਾ ਮਿਆਰ ਕਿੰਨਾ ਹੈ। ਉਹ ਰੱਬ ਦੀ ਕਿੰਨੀ ਪਾਲਣਾ ਕਰ ਰਿਹਾ ਹੈ। ਉਹ ਰਸੂਲ ਦੀ ਕਿੰਨੀ ਪਾਲਣਾ ਕਰ ਰਿਹਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਕਾਯਮ ਕੀਤੇ ਗਏ ਨਿਜ਼ਾਮੇ ਖ਼ਿਲਾਫ਼ਤ ਦੀ ਕਿੰਨੀ ਪਾਲਣਾ ਕਰ ਰਿਹਾ। ਜੇਕਰ ਰੱਬ ਅਤੇ ਉਸ ਦੇ ਰਸੂਲ ਨੂੰ ਮੰਨਣ ਮਗਰੋਂ ਕੋਈ ਨੂਰ ਪ੍ਰਾਪਤ ਨਹੀਂ ਹੁੰਦਾ ਤਾਂ ਆਪ ਨੇ ਫ਼ਰਮਾਇਆ :

ਇਸ ਦਾ ਕੋਈ ਲਾਭ ਨਹੀਂ। ਸਰਕਾਰ ਦਾ ਹੁਕਮ ਮੰਨਣ ਨਾਲ ਅਮਨ ਅਤੇ ਸ਼ਾਂਤੀ ਪੈਦਾ ਹੋਵੇਗੀ। ਪਰ ਅਧਿਆਤਮਿਕ ਪ੍ਰਕਾਸ਼ ਅਤੇ ਆਨੰਦ ਅਧਿਆਤਮਿਕ ਨਿਜ਼ਾਮ ਨੂੰ ਮੰਨਣ ਵਿੱਚ ਹੀ ਹੈ।"

(ਖ਼ੁਤਬਾ ਜੁਮਆ 5 ਦਸੰਬਰ 2014)

(ਅਲ-ਫ਼ਜ਼ਲ ਇੰਟਰਨੈਸ਼ਨਲ 12-18 ਜੂਨ 2015 ਪੰਨਾ 11)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਅਮੀਰ ਵੀ, ਸਦਰ ਵੀ, ਓਹਦੇਦਾਰ ਵੀ ਤੇ ਜ਼ੈਲੀ ਤਨਜ਼ੀਮਾਂ ਦੇ ਆਗੂ ਵੀ ਯਾਦ ਰੱਖਣ ਕਿ ਉਹ ਖ਼ਲੀਫਾ ਰਾਹੀਂ ਨਿਰਧਾਰਿਤ ਪ੍ਰਬੰਧਕੀ ਨਿਜ਼ਾਮ ਦਾ ਇੱਕ ਭਾਗ ਹਨ ਅਤੇ ਇਸ ਹਿਸਾਬ ਨਾਲ ਉਹ ਖ਼ਲੀਫਾ ਦੇ ਨੁਮਾਇੰਦੇ ਹਨ। ਸੋ, ਉਹਨਾਂ ਦੀ ਸੋਚ ਵੀ ਉਹੀ ਹੋਣੀ ਚਾਹੀਦੀ ਹੈ। ਜੋ ਖ਼ਲੀਫਾ ਦੀ ਹੈ ਅਤੇ ਉਹਨਾਂ ਨੂੰ ਕੇਂਦਰ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਉਹ ਇੰਝ ਨਹੀਂ ਕਰਦੇ ਤਾਂ ਉਹ ਆਪਣੇ ਪੱਦ ਦਾ ਹੱਕ ਅਦਾ ਨਹੀਂ ਕਰ ਰਹੇ। ਉਸ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਰਹੇ"

(ਖ਼ੁਤਬਾਤੇ ਮਸਰੂਰ ਭਾਗ 2 ਪੰਨਾ 951)

ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਸ਼ੂਰਾ ਦੇ ਨੁਮਾਇੰਦਿਆਂ ਅਤੇ ਹੋਰ ਮੁਲਾਜ਼ਮਾਂ ਦਾ ਖ਼ਲੀਫਾ ਦੀ ਆਗਿਆਕਾਰੀ ਵੱਲ੍ਹ ਧਿਆਨ ਖਿੱਚਦੇ ਹੋਏ ਫ਼ਰਮਾਉਂਦੇ ਹਨ :

"...ਸ਼ੂਰਾ ਦੇ ਨੁਮਾਇੰਦੀਆਂ ਅਤੇ ਓਹਦੇਦਾਰਾਂ ਦਾ ਫ਼ਰਜ਼ ਹੈ ਕਿ ਉਹ ਸ਼ੂਰਾ ਦੇ ਫ਼ੈਸਲਿਆਂ ਨੂੰ ਲਾਗੂ ਕਰਵਾਉਣ। ਕਿਉਂਕਿ ਇਹ ਫ਼ੈਸਲੇ ਖ਼ਲੀਫ਼ਾ ਰਾਹੀਂ ਪ੍ਰਵਾਨਿਤ ਹੁੰਦੇ ਹਨ। ਇਸ ਲਈ ਜੇਕਰ ਉਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕਰਵਾਉਣ ਵੱਲ੍ਹ ਧਿਆਨ ਨਹੀਂ ਦਿੱਤਾ ਜਾ ਰਿਹਾ ਤਾਂ ਇੱਕ ਅਦਿੱਖ ਰੂਪ ਵਿੱਚ ਖ਼ਲੀਫ਼ਾ ਦੇ ਫ਼ੈਸਲਿਆਂ ਨੂੰ ਨੀਵਾਂ ਸਮਝਿਆ ਜਾ ਰਿਹਾ ਹੁੰਦਾ ਹੈ ਅਤੇ ਇਸ ਦਾ ਅਰਥ ਇਹ ਹੈ ਕਿ ਉਹ ਆਗਿਆਕਾਰੀ ਦੇ ਦਾਇਰੇ ਵਿੱਚ ਨਹੀਂ ਰਹਿ ਰਹੇ ਹਨ। ਜੱਦ ਕਿ ਜਿੰਨ੍ਹਾਂ ਨੂੰ ਜ਼ਿੰਮੇਦਾਰੀਆਂ ਦਿੱਤੀਆਂ ਗਈਆਂ

ਹਨ। ਉਹਨਾਂ ਨੂੰ ਆਗਿਆਕਾਰੀ ਦੀਆਂ ਉੱਚੀਆਂ ਮਿਸਾਲਾਂ ਵਿਖਾਉਣ ਦੀ ਲੋੜ੍ਹ ਹੈ । ਜੋ ਦੂਜੀਆਂ ਲਈ ਪਾਲਣਾ ਕਰਨ ਲਈ ਮਿਸਾਲ ਹੋਣ । ਸੋ, ਇੰਨ੍ਹਾਂ ਸੇਵਾਵਾਂ ਦੇ ਮੌਕਿਆਂ ਨੂੰ ਸਿਰਫ਼ ਮਾਣ ਅਤੇ ਖੁਸ਼ੀ ਦਾ ਮੁਕਾਮ ਨ ਸਮਝਣ ਕਿ ਇਹ ਬਹੁਤ ਹੀ ਖੁਸ਼ੀ ਅਤੇ ਮਾਣ ਵਾਲੀ ਗੱਲ੍ਹ ਹੈ ਕਿ ਸਾਨੂੰ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਨਾਲ ਜੱਦ ਆਸਥਾ ਦੇ ਉੱਚੇ ਸੁੱਚੇ ਮਿਆਰ ਕਾਯਮ ਹੋਣਗੇ। ਤੱਦ ਇਹ ਮਾਣ ਸਤਿਕਾਰ ਦੀ ਗੱਲ੍ਹ ਹੋਵੇਗੀ ਅਤੇ ਤੱਦ ਇਹ ਮਾਣ ਸਤਿਕਾਰ ਅਤੇ ਖ਼ੁਸ਼ੀ ਦਾ ਮੁਕਾਮ ਬਣੇਗਾ ।...ਰੱਬ ਸਾਰੀਆਂ ਨੂੰ ਆਪਣੀ ਜ਼ਿੰਮੇਦਾਰੀ ਨਿਭਾਉਣ ਲਈ ਪਵਿੱਤਰਤਾ ਦੇ ਮਾਰਗ ਦੀ ਸੇਧ ਦੇਵੇ ਅਤੇ ਉਹ ਸਾਰੇ ਲੋਕ ਜਿਨ੍ਹਾਂ ਨੂੰ ਕਿਸੇ ਵੀ ਰੂਪ ਵਿੱਚ ਜਮਾਅਤ ਦੀ ਸੇਵਾ ਕਰਨ ਦਾ ਮੌਕਾ ਮਿਲ ਰਿਹਾ ਹੈ। ਉਹ ਖ਼ਲੀਫ਼ਾ ਦੇ ਸਹੀ ਸਹਿਯੋਗੀ ਬਣਨ।" (ਖੁਤਬਾਤੇ ਮਸਰੂਰ ਭਾਗ 4 ਪੰਨਾ 165-166)

ਨਿਜ਼ਾਮੇ ਖ਼ਿਲਾਫ਼ਤ ਦੀ ਸੰਪੂਰਨ ਆਗਿਆਕਾਰੀ ਲਈ ਇਹ ਜ਼ਰੂਰੀ ਹੈ ਕਿ ਅਹਮਦੀ ਨਿਜ਼ਾਮੇ ਸ਼ੂਰਾ ਦੀ ਉਪਯੋਗਤਾ ਨੂੰ ਸਮਝਣ ਤਾਂ ਜਮਾਅਤ ਦੇ ਵਿਕਾਸ ਦੀਆਂ ਜੋ ਯੋਜਨਾਵਾਂ ਮਜਲਿਸੇ ਸ਼ੂਰਾ'ਚ ਆਪਣੇ ਨੁਮਾਇੰਦਿਆਂ ਰਾਹੀਂ ਖ਼ਲੀਫ਼ਾ ਕੋਲ੍ਹ ਭੇਜਣ । ਉਹ ਜਮਾਅਤ ਅਤੇ ਸਿਲਸਿਲੇ ਲਈ ਢੁੱਕਵੀਆਂ ਅਤੇ ਲਾਭਦਾਇਕ ਹੋਣ ਤਾਂ ਜੋ ਉਹਨਾਂ ਯੋਜਨਾਵਾਂ ਅਨੁਸਾਰ ਕੰਮ ਕੀਤੇ ਜਾ ਸਕਣ ਅਤੇ ਖਲੀਫ਼ਾ ਦੀ ਇੰਞ ਸੰਪੂਰਨ ਆਗਿਆਕਾਰੀ ਵੀ ਹੋਵੇ । ਇਸ ਸੰਬੰਧ ਵਿੱਚ ਹਜ਼ੂਰੇ ਅਨਵਰ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਸ਼ੂਰਾ ਦੇ ਮੈਂਬਰਾਂ ਨੂੰ ਆਪਣਾ ਮੁਕਾਮ ਪਛਾਣਨ ਤੇ ਖ਼ਲੀਫ਼ਾ ਦੀ ਆਗਿਆਕਾਰੀ ਦਾ ਹੁਕਮੀ ਆਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ

" ਜੱਦ ਖ਼ਲੀਫ਼ਾ ਵੱਲੋਂ, ਨਿਜ਼ਾਮ ਵੱਲ੍ਹੋਂ ਕਿਸੇ ਜਮਾਅਤੀ ਮਾਮਲੇ ਵਿੱਚ ਸਲਾਹ ਦੇਣ ਲਈ ਸੱਦਿਆ ਜਾਂਦਾ ਹੈ ਤਾਂ ਵੇਖੋ ਉਸ ਵਿੱਚ ਕਿੰਨੀ ਸਾਵਧਾਨੀ ਦੀ ਲੋੜ ਹੈ । ਜੱਦ ਵੀ ਮਜਲਿਸੇ ਸ਼ੂਰਾ ਵਿੱਚ ਸਲਾਹ ਦੇਣ ਲਈ ਸੱਦਿਆ ਜਾਂਦਾ ਹੈ ਤਾਂ ਮਜਲਿਸੇ ਸ਼ੂਰਾ ਉੱਤੇ ਇੱਕ ਬਹੁਤ ਵੱਡੀ ਜ਼ਿੰਮੇਦਾਰੀ ਪਾਈ

ਜਾਂਦੀ ਹੈ। ਸ਼ੂਰਾ ਦੇ ਮੈਂਬਰਾਂ ਉੱਤੇ ਪਾਈ ਜਾਂਦੀ ਹੈ ਅਤੇ ਇਸ ਨੂੰ ਇੱਕ ਪਵਿੱਤਰ ਵਿਭਾਗ ਦਾ ਮੈਂਬਰ ਬਣਾਇਆ ਜਾਂਦਾ ਹੈ। ਕਿਉਂਕਿ ਨਿਜ਼ਾਮੇ ਖ਼ਿਲਾਫ਼ਤ ਮਗਰੋਂ ਦੂਜਾ ਸਭ ਤੋਂ ਮਹਤੱਵਪੂਰਨ ਅਤੇ ਪਵਿੱਤਰ ਵਿਭਾਗ ਜਮਾਅਤ ਵਿੱਚ ਸ਼ੂਰਾ ਦਾ ਵਿਭਾਗ ਹੈ ਅਤੇ ਜੱਦ ਖ਼ਲੀਫ਼ਾ ਇਸ ਲਈ ਸੱਦ ਰਿਹਾ ਹੋਵੇ ਅਤੇ ਅਹਮਦੀ ਵੀ ਆਪਣੇ ਵਿੱਚੋਂ ਲੋਕਾਂ ਨੂੰ ਚੁਣ ਕੇ ਇਸ ਲਈ ਭੇਜ ਰਹੇ ਹੋਣ ਕਿ ਜਾਓ ਰੱਬ ਦੀ ਸਿੱਖਿਆ ਨੂੰ ਸੰਸਾਰ ਵਿੱਚ ਫ਼ੈਲਾਓ। ਅਹਮਦੀਆਂ ਨੂੰ ਸਿੱਖਲਾਈ ਦੇਣ ਅਤੇ ਹੋਰ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ ਲਈ ਖ਼ਲੀਫ਼ਾ ਨੇ ਸਲਾਹ ਲਈ ਸੱਦਿਆ ਹੈ। ਜੇ ਤੁਸੀਂ ਉਸ ਨੂੰ ਸਲਾਹ ਦਿੰਦੇ ਹੋ ਤਾਂ ਜ਼ਿੰਮੇਦਾਰੀ ਕਿੰਨੀ ਵੱਧ ਜਾਂਦੀ ਹੈ। ਜੇਕਰ ਤੁਸੀਂ ਇਸ ਸੰਕਲਪ ਨੂੰ ਲੈ ਕੇ ਮਜਲਿਸੇ ਸ਼ੂਰਾ ਵਿੱਚ ਬਹਿੰਦੇ ਹੋ ਤਾਂ ਮਜਲਿਸੇ ਸ਼ੂਰਾ ਦੀ ਕਾਰਵਾਈ ਨੂੰ ਧਿਆਨ ਨਾਲ ਸੁਣਨ, ਦਰੂਦ ਭੇਜਣ ਅਤੇ ਅਸਤਗ਼ਫ਼ਾਰ ਕਰਨ ਤੋਂ ਬਿਨ੍ਹਾਂ ਕੋਈ ਹੋਰ ਖ਼ਿਆਲ ਤੁਹਾਡੇ ਦਿਮਾਗ ਵਿੱਚ ਆ ਹੀ ਨਹੀਂ ਸਕਦਾ ਤਾਂ ਕਿ ਜੱਦ ਵੀ ਤੁਸੀਂ ਇਸ ਮਜਲਿਸ ਵਿੱਚ ਸਲਾਹ ਦੇਣ ਲਈ ਖੜ੍ਹੇ ਹੋ ਤਾਂ ਸਹੀ ਤੇ ਸੰਪੂਰਨ ਜ਼ਿੰਮੇਦਾਰੀ ਨਾਲ ਸਲਾਹ ਦੇਣ ਦੇ ਯੋਗ ਹੋ। ਕਿਉਂਕਿ ਤੁਹਾਡੀ ਇਹ ਸਲਾਹ ਸਮੇਂ ਦੇ ਸਤਿਕਾਰਯੋਗ ਖ਼ਲੀਫ਼ਾ ਤੱਕ ਪਹੁੰਚਦੀ ਹੈ ਅਤੇ ਖ਼ਲੀਫ਼ਾ ਦਾ ਵਿਸ਼ਵਾਸ ਹੈ ਕਿ ਮੈਂਬਰਾਂ ਨੇ ਬਹੁਤ ਧਿਆਨ ਨਾਲ ਸੋਚ ਵਿਚਾਰ ਕਰਕੇ ਕਿਸੇ ਮਾਮਲੇ ਵਿੱਚ ਇੱਕ ਸਲਾਹ ਦਿੱਤੀ ਹੋਵੇਗੀ ਅਤੇ ਆਮ ਤੌਰ ਉੱਤੇ ਮਜਲਿਸੇ ਸ਼ੂਰਾ ਦੀ ਸਲਾਹ ਨੂੰ ਇਸੇ ਕਰਕੇ ਉਸੇ ਪ੍ਰਕਾਰ ਮੰਨ ਲਿਆ ਜਾਂਦਾ ਹੈ। ਉਸੇ ਸਥਿੱਤੀ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਕੁੱਝ ਮਾਮਲਿਆਂ ਨੂੰ ਛੱਡ ਕੇ ਜਿੱਥੇ ਖ਼ਲੀਫ਼ਾ ਜਾਣਦਾ ਹੈ ਕਿ ਸ਼ੂਰਾ ਦੇ ਇਸ ਫ਼ੈਸਲੇ ਦੀ ਪਾਲਣਾ ਕਰਨ ਨਾਲ ਜਮਾਅਤ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਅਜਿਹਾ ਨਹੀਂ ਹੈ ਕਿ ਇਹ ਪਵਿੱਤਰ ਕੁਰਆਨ ਦੀਆਂ ਸਿੱਖਿਆਵਾਂ ਦੇ ਵਿਰੁੱਧ ਹੈ ਜਾਂ ਇਸ ਤੋਂ ਭਟਕਣਾ ਹੈ। ਕਿਉਂਕਿ ਰੱਬ ਨੇ ਇਸ ਦੀ ਆਗਿਆ ਦਿੱਤੀ ਹੈ। ਰੱਬ ਫ਼ਰਮਾਉਂਦਾ ਹੈ : وَشَاوِرْهُمْ فِي الْأَمْرِ فَإِذَا عَزَمْتَ فَتَوَكَّلْ عَلَى اللّٰهِ

(ਸੂਰਤ ਆਲਿ ਇਮਰਾਨ 03/160)

ਅਰਥਾਤ : ਅਤੇ ਹਰ ਮਹੱਤਵਪੂਰਨ ਮਾਮਲੇ ਵਿੱਚ ਉਹਨਾਂ ਨਾਲ ਸਲਾਹ ਕਰ (ਨਬੀ ਨੂੰ ਇਹ ਆਦੇਸ਼ ਹੈ) । ਫ਼ਿਰ ਜੱਦ ਕੋਈ ਫ਼ੈਸਲਾ ਕਰੇ ਤਾਂ ਫ਼ਿਰ ਰੱਬ ਉੱਤੇ ਭਰੋਸਾ ਕਰ ।

ਅਰਥਾਤ ਇੱਥੇ ਇਹ ਤਾਂ ਹੈ ਕਿ ਮਹਤੱਵਪੂਰਨ ਮਾਮਲਿਆਂ ਵਿੱਚ ਸਲਾਹ ਜ਼ਰੂਰੀ ਹੈ । ਸਲਾਹ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਇਸ ਹੁਕਮ ਦੇ ਅਧੀਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੀ ਸਲਾਹ ਕਰਦੇ ਸਨ ਸਗੋਂ ਇਸ ਹੱਦ ਤੱਕ ਸਲਾਹ ਕਰਦੇ ਸਨ ਕਿ ਹਜ਼ਰਤ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਤੋਂ ਵੱਧ ਕਦੇ ਵੀ ਕਿਸੇ ਨੂੰ ਆਪਣੇ ਸਾਥੀਆਂ ਨਾਲ ਸਲਾਹ ਕਰਦੇ ਨਹੀਂ ਵੇਖਿਆ ।" (ਖੁਤਬਾਤੇ ਮਸਰੂਰ ਭਾਗ 2 ਪੰਨਾ 195-196)

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸ਼ੂਰਾ ਦਾ ਨਿਜ਼ਾਮ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀ ਸੁੰਨਤ ਦੀ ਪੈਰਵੀ ਵਿੱਚ ਹੀ ਕਾਯਮ ਹੈ । ਜੋ ਕੁੱਝ ਮਾਮਲਿਆਂ ਵਿੱਚ ਖ਼ਲੀਫ਼ਾ ਨੂੰ ਸਲਾਹ ਦੇ ਸਕਦੀ ਹੈ । ਜੱਦ ਕਿ ਖ਼ਲੀਫ਼ਾ ਫ਼ੈਸਲਾ ਲੈਣ ਲਈ ਸੁਤੰਤਰ ਹੈ । ਸੋ, ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਫ਼ਰਮਾਉਂਦੇ ਹਨ :

" ਇਤਿਹਾਸ ਵਿੱਚ ਦਰਜ ਹੈ ਕਿ ਬਦਰ ਦੀ ਲੜਾਈ ਦੇ ਮੌਕੇ ਉੱਤੇ ਕੈਦੀਆਂ ਨਾਲ ਸਲੂਕ ਬਾਰੇ ਬਹੁ-ਗਿਣਤੀ ਦੀ ਸਲਾਹ ਨੂੰ ਰੱਦ ਕਰਦੇ ਹੋਏ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਕੇਵਲ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੀ ਸਲਾਹ ਮੰਨ ਲਈ ਸੀ । ਫ਼ਿਰ ਕਈ ਵਾਰ ਦੂਜੇ ਯੁੱਧਾਂ ਦੇ ਮਾਮਲਿਆਂ ਵਿੱਚ ਸਾਥੀਆਂ ਦੀ ਸਲਾਹ ਨੂੰ ਬਹੁਤ ਮਹੱਤਵ ਦਿੱਤਾ ਓਹਦ ਦੀ ਜੰਗ ਵਿੱਚ ਸਾਥੀਆਂ ਦੀ ਸਲਾਹ ਨਾਲ ਹੀ ਆਪ ਸੱਲਲਾਹੁ ਅਲੈਹਿ ਵਸਲੱਮ ਉੱਥੇ ਗਏ ਸਨ । ਜੱਦ ਕਿ ਆਪ ਸੱਲਲਾਹੁ ਅਲੈਹਿ ਵਸਲੱਮ ਪਸੰਦ ਨਹੀਂ ਕਰਦੇ ਸਨ । ਆਪ ਸੱਲਲਾਹੁ ਅਲੈਹਿ ਵਸਲੱਮ ਦਾ ਵਿਚਾਰ ਸੀ ਕਿ ਮਦੀਨੇ ਵਿੱਚ ਰਹਿ ਕੇ ਮੁਕਾਬਲਾ ਕੀਤਾ ਜਾਵੇ ਅਤੇ ਜੱਦ

ਇਸ ਸਲਾਹ ਮਗਰੋਂ ਆਪ ਸੱਲਲਾਹੁ ਅਲੈਹਿ ਵਸਲੱਮ ਹਥਿਆਰ ਬੰਦ ਹੋ ਕੇ ਨਿਕਲੇ ਤਾਂ ਸਾਥੀਆਂ ਨੂੰ ਖ਼ਿਆਲ ਆਇਆ ਕਿ ਆਪ ਸੱਲਲਾਹੁ ਅਲੈਹਿ ਵਸਲੱਮ ਦੀ ਇੱਛਾ ਦੇ ਖਿਲਾਫ਼ ਫ਼ੈਸਲਾ ਹੋਇਆ ਹੈ। ਆਪ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਨਹੀਂ, ਨਬੀ ਜੱਦ ਇੱਕ ਫ਼ੈਸਲਾ ਕਰ ਲੈਂਦਾ ਹੈ ਤਾਂ ਉਸ ਤੋਂ ਪਿੱਛੇ ਨਹੀਂ ਹੱਟਦਾ। ਹੁਣ ਰੱਬ ਉੱਤੇ ਭਰੋਸਾ ਰੱਖੋ ਅਤੇ ਚਲੋ। ਫ਼ਿਰ ਇਹ ਵੀ ਹੋਇਆ ਕਿ ਸੁਲਾਹ ਹੁਦੈਬਿਆ ਦੇ ਮੌਕੇ ਉੱਤੇ ਸਾਰੇ ਸਹਾਬੀ ਇੱਕਮੱਤ ਸਨ ਕਿ ਸਮਝੌਤੇ ਉੱਤੇ ਹਸਤਾਖਰ ਨਹੀਂ ਹੋਣੇ ਚਾਹੀਦੇ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਸਾਰੀਆਂ ਦੀ ਸਲਾਹ ਦੇ ਵਿਰੁੱਧ ਉਸ ਉੱਤੇ ਹਸਤਾਖਰ ਕਰ ਦਿੱਤੇ ਅਤੇ ਫ਼ਿਰ ਵੇਖੋ ਕਿ ਕਿਵੇਂ ਰੱਬ ਨੇ ਸ਼ਾਨਦਾਰ ਨਤੀਜੇ ਪੈਦਾ ਕੀਤੇ। ਸੋ, ਸਲਾਹ ਲੈਣ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਜੋ ਮਾਮਲਾ ਪੂਰੀ ਜਾਂਚ ਪੜ੍ਹਤਾਲ ਮਗਰੋਂ ਸਾਮ੍ਹਣੇ ਆ ਸਕੇ। ਪਰ ਇਹ ਜ਼ਰੂਰੀ ਨਹੀਂ ਕਿ ਸਲਾਹ ਮੰਨੀ ਵੀ ਜਾਵੇ। ਸੋ, ਆਪ ਸੱਲਲਾਹੁ ਅਲੈਹਿ ਵਸਲੱਮ ਦੀ ਸੁੰਨਤ ਅਨੁਸਾਰ ਹੀ ਸਾਡੀ ਸ਼ੂਰਾ ਦਾ ਨਿਜ਼ਾਮ ਵੀ ਕਾਯਮ ਹੈ। ਖ਼ਲੀਫ਼ਾ ਸਲਾਹ ਲੈਂਦੇ ਹਨ ਤਾਂ ਕਿ ਡੂੰਘਾਈ ਵਿੱਚ ਜਾ ਕੇ ਮਾਮਲਿਆਂ ਨੂੰ ਵੇਖਿਆ ਜਾ ਸਕੇ। ਪਰ ਜ਼ਰੂਰੀ ਨਹੀਂ ਕਿ ਸ਼ੂਰਾ ਦੇ ਸਾਰੇ ਫੈਸਲਿਆਂ ਨੂੰ ਪ੍ਰਵਾਨ ਕੀਤਾ ਜਾਵੇ। ਇਸੇ ਲਈ ਸਦਾ ਇੰਝ ਹੁੰਦਾ ਹੈ ਕਿ ਸ਼ੂਰਾ ਦੀ ਕਾਰਵਾਈ ਦੇ ਅੰਤ ਵਿੱਚ ਵਿਚਾਰ ਅਧੀਨ ਮਾਮਲਿਆਂ ਬਾਰੇ ਜੋ ਰਿਪੋਰਟ ਪੇਸ਼ ਕੀਤੀ ਜਾਂਦੀ ਹੈ। ਉਸ ਉੱਤੇ ਇਹ ਲਿੱਖਿਆ ਜਾਂਦਾ ਹੈ ਕਿ ਸ਼ੂਰਾ ਇਹ ਸਿਫ਼ਾਰਸ਼ ਕਰਦੀ ਹੈ। ਇਹ ਲਿੱਖਣ ਦਾ ਅਧਿਕਾਰ ਨਹੀਂ ਕਿ ਸ਼ੂਰਾ ਫ਼ੈਸਲਾ ਕਰਦੀ ਹੈ। ਸ਼ੂਰਾ ਕੋਲ੍ਹ ਕੇਵਲ ਸਿਫ਼ਾਰਸ਼ ਕਰਨ ਦਾ ਅਧਿਕਾਰ ਹੈ। ਫ਼ੈਸਲਾ ਕਰਨ ਦਾ ਅਧਿਕਾਰ ਕੇਵਲ ਖ਼ਲੀਫ਼ਾ ਨੂੰ ਹੈ। ਇੱਥੇ ਇਹ ਸਵਾਲ ਵੀ ਪੈਦਾ ਹੋ ਸਕਦਾ ਹੈ ਕਿ ਸ਼ੂਰਾ ਨੂੰ ਬੁਲਾਉਣ ਜਾਂ ਸਲਾਹ ਲੈਣ ਦਾ ਕੀ ਲਾਭ। ਇਹ ਗੱਲ੍ਹ ਅੱਜ ਦੇ ਪੜ੍ਹੇ ਲਿੱਖੇ ਦਿਮਾਗ਼ਾਂ ਵਿੱਚ ਵੀ ਹੁੰਦੀ ਹੈ। ਸੋ, ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਮਜਲਿਸੇ ਸ਼ੂਰਾ ਇੱਕ ਸਲਾਹਕਾਰ ਵਿਭਾਗ ਹੈ। ਇਸ ਦੀ ਭੂਮਿਕਾ ਸੰਸਦ ਦੀ ਨਹੀਂ ਹੈ। ਜਿੱਥੇ ਫ਼ੈਸਲੇ ਕੀਤੇ ਜਾਂਦੇ ਹਨ। ਅੰਤਿਮ ਫ਼ੈਸਲੇ ਲਈ ਮਾਮਲਾ ਖ਼ਲੀਫ਼ਾ ਕੋਲ੍ਹ ਜਾਂਦਾ ਹੈ ਅਤੇ ਖ਼ਲੀਫ਼ਾ ਨੂੰ ਹੀ ਫੈਸਲਾ ਕਰਨ ਦਾ ਅਧਿਕਾਰ ਹੈ ਅਤੇ

ਇਹ ਅਧਿਕਾਰ ਰੱਬ ਨੇ ਦਿੱਤਾ ਹੈ। ਪਰ ਸਲਾਹ ਨੂੰ ਆਮ ਤੌਰ ਉੱਤੇ ਮੰਨਿਆ ਵੀ ਜਾਂਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਕੁੱਝ ਖ਼ਾਸ ਹਾਲਾਤਾਂ ਤੋਂ ਬਿਨਾਂ ਜਿਨ੍ਹਾਂ ਦਾ ਗਿਆਨ ਖ਼ਲੀਫ਼ਾ ਨੂੰ ਹੁੰਦਾ ਹੈ ਅਤੇ ਕੁੱਝ ਕਾਰਨ ਹੋ ਸਕਦੇ ਹਨ, ਜੋ ਖ਼ਲੀਫ਼ਾ ਨਹੀਂ ਦੱਸਣਾ ਚਾਹੁੰਦਾ ਅਤੇ ਕੁੱਝ ਕਾਰਨ ਹੋ ਸਕਦੇ ਹਨ, ਜਿਨ੍ਹਾਂ ਕਰਕੇ ਸਲਾਹ ਨੂੰ ਰੱਦ ਕਰ ਦਿੱਤਾ ਗਿਆ ਸੀ। ਸੋ, ਕਹਿਣ ਦਾ ਅਰਥ ਇਹ ਹੈ ਕਿ ਸਲਾਹ ਲੈਣ ਦਾ ਲਾਭ ਹੁੰਦਾ ਹੈ ਕਿਉਂਕਿ ਵੱਖੋ-ਵੱਖ ਮਾਹੌਲ ਦੇ, ਵੱਖੋ-ਵੱਖ ਦੇਸ਼ਾਂ ਦੇ, ਵੱਖੋ ਵੱਖ ਸਮਾਜਿਕ ਹਾਲਾਤਾਂ ਦੇ ਲੋਕ, ਵੱਧ ਅਤੇ ਘੱਟ ਪੜ੍ਹੇ ਲਿੱਖੇ ਲੋਕ ਸਲਾਹ ਦੇ ਰਹੇ ਹੁੰਦੇ ਹਨ। ਫ਼ਿਰ ਅੱਜ ਕੱਲ੍ਹ ਜੱਦ ਜਮਾਅਤ ਫੈਲ੍ਹ ਗਈ ਹੈ। ਵੱਖ ਵੱਖ ਦੇਸ਼ਾਂ ਵਿੱਚ ਉਹਨਾਂ ਦੀਆਂ ਸਥਿਤੀਆਂ ਅਨੁਸਾਰ ਸਲਾਹਾਂ ਪਹੁੰਚ ਰਹੀਆਂ ਹੁੰਦੀਆਂ ਹਨ। ਇਨ੍ਹਾਂ ਦੇਸ਼ਾਂ ਵਿੱਚ ਆਮ ਸਥਿਤੀਆਂ, ਜਮਾਅਤ ਦੇ ਜੀਵਨ ਪੱਧਰ, ਜਮਾਅਤ ਦੀ ਧਾਰਮਿਕ ਤੇ ਅਧਿਆਤਮਿਕ ਗੁਣਵੱਤਾ ਸੰਬੰਧੀ ਸੁਝਾਵਾਂ ਬਾਰੇ ਸਮੇਂ ਸਿਰ ਪਤਾ ਲੱਗ ਜਾਂਦਾ ਹੈ ਤੇ ਫ਼ਿਰ ਜੋ ਵੀ ਯੋਜਨਾ ਜਾਂ ਕਾਰਜ ਯੋਜਨਾ ਬਣਾਉਣੀ ਹੋਵੇ। ਉਸ ਨੂੰ ਬਣਾਉਣ ਵਿੱਚ ਮਦਦ ਮਿਲਦੀ ਹੈ। ਸੋ, ਭਾਵੇਂ ਦੇਸ਼ਾਂ ਦੀ ਸ਼ੂਰਾ ਦੀਆਂ ਕੁੱਝ ਸਲਾਹਾਂ ਨੂੰ ਉਨ੍ਹਾਂ ਦੀਆਂ ਮੂਲ ਅਵਸਥਾਵਾਂ ਵਿੱਚ ਪ੍ਰਵਾਨ ਨ ਕੀਤਾ ਜਾਵੇ। ਫ਼ਿਰ ਵੀ ਖ਼ਲੀਫਾ ਨੂੰ ਉਨ੍ਹਾਂ ਦੇ ਵੇਖਣ ਅਤੇ ਸੁਣਨ ਦਾ ਲਾਭ ਹੁੰਦਾ ਹੈ। ਸਲਾਹ ਦੇਣ ਵਾਲੇ ਦਾ ਇਹ ਫ਼ਰਜ਼ ਹੈ ਕਿ ਉਹ ਨੇਕ ਵਿਸ਼ਵਾਸ ਨਾਲ ਸਲਾਹ ਦੇਵੇ ਅਤੇ ਖ਼ਲੀਫ਼ਾ ਦਾ ਇਹ ਅਧਿਕਾਰ ਵੀ ਹੈ ਅਤੇ ਫਰਜ਼ ਵੀ ਹੈ ਕਿ ਉਹ ਜਮਾਅਤ ਤੋਂ ਸਲਾਹ ਲਏ। (ਖੁਤਬਾਤੇ ਮਸਰੂਰ ਭਾਗ 2 ਪੰਨਾ 197-199)

ਖ਼ਲੀਫ਼ਾ ਦੀ ਅਵੱਗਿਆ ਦਾ ਨਤੀਜਾ ਆਪਣੇ ਆਪ ਨੂੰ ਅਤੇ ਆਪਣੀਆਂ ਪੀੜ੍ਹੀਆਂ ਨੂੰ ਰੱਬ ਦੀ ਰਹਿਮਤ ਅਤੇ ਧਰਮ ਤੋਂ ਦੂਰ ਕਰਨਾ ਹੈ। ਇਸ ਸੰਬੰਧੀ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਫ਼ਰਮਾਉਂਦੇ ਹਨ :

" ਜੇਕਰ ਜਮਾਅਤ ਦੀ ਕਦਰ ਨਹੀਂ ਕਰਦੇ। ਜੇਕਰ ਖ਼ਲੀਫ਼ਾ ਦੀ ਗੱਲ੍ਹ ਨਹੀਂ ਸੁਣਦੇ ਤਾਂ ਹੌਲੀ ਹੌਲੀ ਨ ਕੇਵਲ ਆਪਣੇ ਆਪ ਨੂੰ ਰੱਬ ਦੀ ਬਰਕਤਾਂ

ਤੋਂ ਦੂਰ ਕਰ ਰਹੇ ਹੋਣਗੇ। ਸਗੋਂ ਆਪਣੀਆਂ ਪੀੜ੍ਹੀਆਂ ਨੂੰ ਵੀ ਧਰਮ ਤੋਂ ਦੂਰ ਕਰਦੇ ਚਲੇ ਜਾਣਗੇ। ਸੋ, ਧਿਆਨ ਦਿਓ। ਸੋਚੋ ਕਿ ਜੇ ਇਹ ਸੰਸਾਰ ਤੁਹਾਨੂੰ ਧਰਮ ਤੋਂ ਦੂਰ ਲੈ ਕੇ ਜਾ ਰਿਹਾ ਹੈ ਤਾਂ ਇਹ ਇਨਾਮ ਨਹੀਂ ਸਗੋਂ ਮੌਤ ਹੈ। ਇਹ ਰੱਬ ਦੀਆਂ ਬਖਸ਼ਿਸ਼ਾਂ ਦਾ ਇਨੰਕਾਰ ਹੈ। ਇਹ ਰੱਬ ਦੀਆਂ ਬਖਸ਼ਿਸ਼ਾਂ ਬਰਬਾਦ ਕਰਨਾ ਹੈ। ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਉਸ ਜ਼ਮਾਨੇ ਦੇ ਇਮਾਮ ਦੀ ਬੈਅਤ ਕੀਤੀ ਹੈ। ਜਿਸ ਦੇ ਆਉਣ ਦੀ ਹਰ ਕੌਮ ਉਡੀਕਵਾਨ ਹੈ। ਜਿਸ ਬਾਰੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਬਹੁਤ ਪਿਆਰ ਭਰੇ ਸ਼ਬਦ ਵਰਤੇ ਹਨ। ਜਿਸ ਲਈ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਸਲਾਮ ਭੇਜਿਆ ਹੈ।[1] ਕੀ ਅਜਿਹੇ ਮਨੁੱਖ ਨਾਲ ਜੁੜ੍ਹਣਾ ਕੋਈ ਮਾਮੂਲੀ ਗੱਲ ਹੈ ? ਇਹ ਇੱਕ ਬਹੁਤ ਵੱਡਾ ਸਨਮਾਨ ਹੈ। ਜੋ ਇੱਕ ਅਹਮਦੀ ਨੂੰ ਪ੍ਰਾਪਤ ਹੋਇਆ ਹੈ। ਸੋ, ਇਸ ਸਨਮਾਨ ਦੀ ਕਦਰ ਕਰਨਾ ਹਰ ਅਹਮਦੀ ਦਾ ਫ਼ਰਜ਼ ਹੈ ਇਹ ਕਦਰ ਫ਼ਿਰ ਇੱਕ ਸੱਚੇ ਅਹਮਦੀ ਨੂੰ ਧੰਨਵਾਦੀ ਬਣਾਵੇਗੀ ਅਤੇ ਫ਼ਿਰ ਉਹ ਰੱਬ ਦੀਆਂ ਬਰਕਤਾਂ ਨੂੰ ਪਹਿਲਾਂ ਨਾਲੋਂ ਵੱਧ ਉਤਰਦਾ ਵੇਖੇਗਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਜੁੜਣਾ ਕੇਵਲ ਇੱਕ ਜ਼ੁਬਾਨੀ ਘੋਸ਼ਣਾ ਨਹੀਂ ਹੈ। ਸਗੋਂ ਬੈਅਤ ਦਾ ਇੱਕ ਵਚਨ ਹੈ। ਜੋ ਅਸੀਂ ਆਪ ਨਾਲ ਕੀਤਾ ਹੈ ਅਤੇ ਆਪ ਦੇ ਮਗਰੋਂ ਆਪ ਅਲੈਹਿ ਸਲਾਮ ਦੇ ਖਲੀਫ਼ਾ ਨਾਲ ਇਹ ਵਚਨ ਕੀਤਾ ਹੈ। ਹਰ ਅਹਮਦੀ ਨੂੰ ਵੀ ਇਸ ਬੈਅਤ ਦੇ ਵਿਸ਼ੇ ਨੂੰ ਸਮਝਣ ਦੀ ਲੋੜ ਹੈ। ਬੈਅਤ ਵੇਚਣ ਦਾ ਨਾਂ ਹੈ। ਭਾਵ ਆਪਣੀਆਂ ਇੱਛਾਵਾਂ, ਸਾਰੀਆਂ ਖ਼ਵਾਹਿਸ਼ਾਂ ਅਤੇ ਜਜ਼ਬਾਤਾਂ ਨੂੰ ਰੱਬ ਦੇ ਹੁਕਮਾਂ ਲਈ ਕੁਰਬਾਨ ਕਰਨ ਅਤੇ ਉਹਨਾਂ ਅਨੁਸਾਰ ਆਪਣੇ ਜੀਵਨ ਬਤੀਤ ਕਰਨ ਦੀ ਵਚਨਬੱਧਤਾ ਹੈ। ਆਪਣੀ ਮਰਜ਼ੀ ਨੂੰ ਪੂਰਨ ਰੂਪ ਵਿੱਚ ਸਮਾਪਤ ਕਰਨ ਦਾ ਨਾਂ ਹੈ। ਜੋ ਰੱਬ ਨੂੰ ਮੌਜੂਦ ਜਾਣ ਕੇ ਕੀਤਾ ਜਾਂਦਾ ਹੈ ਅਤੇ

[1] ਅਲ-ਮੁਅਜਿਮ ਅਲ-ਔਸਤ ਭਾਗ 3 ਮਿਨ ਇਸਮਿਹਿ ਈਸਾ, ਹਦੀਸ ਨੰ 4898, ਪੰਨਾ 383-384, ਦਾਰੁੱਲ ਫ਼ਿਕਰ, ਉਮਾਨ, ਉਰਦਨ, ਪਹਿਲਾ ਐਡੀਸ਼ਨ, 1999

ਜੇਕਰ ਉਸ ਦਿਨ ਉੱਤੇ ਵਿਸ਼ਵਾਸ ਹੋਵੇ, ਜੋ ਰੱਬ ਨੂੰ ਮਿਲਣ ਦਾ ਦਿਨ ਹੈ ਜਿਸ ਦਿਨ ਹਰੇਕ ਵਚਨ ਬਾਰੇ ਪੁਛਿੱਆ ਜਾਵੇਗਾ ਤਾਂ ਮਨੁੱਖ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ।" (ਖ਼ੁਤਬਾਤੇ ਮਸਰੂਰ ਭਾਗ 8 ਪੰਨਾ 191-192)

ਖ਼ਿਲਾਫ਼ਤ ਨਾਲ ਜੁੜੇ ਰਹਿਣ ਸੰਬੰਧੀ ਫ਼ਰਮਾਉਂਦੇ ਹਨ :

" ਸੋ, ਜੇਕਰ ਤੁਸੀਂ ਤਰੱਕੀ ਕਰਨਾ ਚਾਹੁੰਦੇ ਹੋ ਅਤੇ ਸੰਸਾਰ ਉੱਤੇ ਗ਼ਾਲਬ ਆਉਣਾ ਚਾਹੁੰਦੇ ਹੋ ਤਾਂ ਇਹ ਮੇਰੀ ਤੁਹਾਨੂੰ ਸਲਾਹ ਹੈ ਅਤੇ ਇਹੀ ਮੇਰਾ ਸੰਦੇਸ਼ ਹੈ ਕਿ ਤੁਸੀਂ ਖ਼ਿਲਾਫ਼ਤ ਨਾਲ ਜੁੜ ਜਾਓ । ਇਸ ਰੱਬੀ ਰੱਸੀ ਨੂੰ ਫ਼ੜ੍ਹ ਕੇ ਰੱਖੋ । ਸਾਡਾ ਸਾਰਾ ਵਿਕਾਸ ਖ਼ਿਲਾਫ਼ਤ ਪ੍ਰਤੀ ਸਾਡੀ ਵਚਨਬੱਧਤਾ ਉੱਤੇ ਨਿਰਭਰ ਕਰਦਾ ਹੈ ।" (ਅਖ਼ਬਾਰ ਅਲ-ਫ਼ਜ਼ਲ 30 ਮਈ 2003)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਰੱਬ ਨੇ ਆਪ ਨੂੰ ਖ਼ਿਲਾਫ਼ਤ ਦੀ ਨੈਅਮਤ ਬਖਸ਼ੀ ਹੈ । ਜੋ ਹਰ ਪ੍ਰਕਾਰ ਦੀ ਤਰੱਕੀ ਲਈ ਇੱਕ ਸੁਮਾਰਗ ਹੈ । ਇਸ ਰੱਬੀ ਰੱਸੀ ਨੂੰ ਮਜ਼ਬੂਤੀ ਨਾਲ ਫ਼ੜ੍ਹ ਕੇ ਰੱਖੋ । ਏਕਤਾ ਅਤੇ ਇਕਠੱਤਾ ਦੀ ਸਥਾਪਨਾ ਲਈ ਅਤੇ ਸਫ਼ਲਤਾ ਪ੍ਰਾਪਤ ਕਰਨ ਲਈ ਹਮੇਸ਼ਾਂ ਖ਼ਿਲਾਫ਼ਤ ਨਾਲ ਜੁੜ੍ਹੇ ਰਹੋ ਅਤੇ ਪੀੜ੍ਹੀ ਦਰ ਪੀੜ੍ਹੀ ਆਪਣੇ ਬੱਚਿਆਂ ਨੂੰ ਇਸ ਸਰਵਉੱਚ ਬਖਸ਼ਿਸ਼ ਨਾਲ ਜੁੜੇ ਰਹਿਣ ਦਾ ਆਦੇਸ਼ ਦਿੰਦੇ ਰਹੋ । ਸਦਾ ਇਸ ਦੀ ਉੱਚਤਾ ਅਤੇ ਤਾਕਤ ਲਈ ਯਤਨਸ਼ੀਲ ਰਹੋ ਅਤੇ ਇਸ ਰਾਹ ਵਿੱਚ ਆਉਣ ਵਾਲੀ ਹਰ ਕੁਰਬਾਨੀ ਲਈ ਤਿਆਰ ਰਹੋ ।" (ਮਸ਼ਅਲੇ ਰਾਹ ਭਾਗ 5 ਪੰਨਾ 32-33)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਯਾਦ ਰੱਖੋ ਇਸ ਯੁੱਗ ਵਿੱਚ ਰੱਬ ਦੇ ਵਚਨਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਪਸ਼ੱਟ ਆਦੇਸ਼ਾਂ ਅਨੁਸਾਰ ਖ਼ਿਲਾਫ਼ਤ ਨਾਲ ਸੰਬੰਧਾਂ ਦੇ ਸਿੱਟੇ ਵੱਜੋਂ ਹੀ ਧਾਰਮਿਕ ਅਤੇ ਵਿਵਹਾਰਕ ਵਿਕਾਸ ਹੋਵੇਗਾ । ਭਾਵੇਂ ਕੋਈ ਕਿੰਨ੍ਹਾ ਹੀ ਮਹਾਨ ਵਿਦਵਾਨ ਜਾਂ ਵੇਖਣ ਵਿੱਚ ਕਿਸੇ

ਅਧਿਆਤਮਿਕ ਪਦਵੀ ਉੱਤੇ ਪਹੁੰਚਾ ਹੋਵੇ। ਜੇਕਰ ਖਲੀਫ਼ਾ ਨਾਲ ਸੰਬੰਧ ਦਾ ਉਹ ਪਧੱਰ ਨਹੀਂ, ਜੋ ਹੋਣਾ ਚਾਹੀਦਾ ਹੈ ਤਾਂ ਜਮਾਅਤੀ ਤਰੱਕੀ ਜਾਂ ਕਿਸੇ ਦੇ ਅਧਿਆਤਮਕ ਵਿਕਾਸ ਉੱਤੇ ਮਾੜਾ ਪ੍ਰਭਾਵ ਨਹੀਂ ਪੈਂਦਾ। ਰੱਬ ਤੁਹਾਨੂੰ ਸਭ ਨੂੰ ਇਸ ਨੂੰ ਡੂੰਘਾਈ ਨਾਲ ਸਮਝਣ ਦੀ ਸਮਰੱਥਾ ਬਖ਼ਸ਼ੇ।"

(ਅਲ-ਫ਼ਜ਼ਲ ਇੰਟਰਨੈਸ਼ਨਲ 23-29 ਮਈ 2014 ਪੰਨਾ 1)

(ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿੱਲ ਅਜ਼ੀਜ਼ ਦਾ ਸ਼ੂਰਾ ਦੇ ਮੈਂਬਰਾਂ...2014ਈ ਦੇ ਨਾਂ ਸੰਦੇਸ਼)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਇੰਝ ਹੀ ਹਰ ਅਹਮਦੀ ਦਾ ਇਹ ਕੰਮ ਹੈ ਕਿ ਜੱਦ ਉਹ ਆਪਣੇ ਆਪ ਨੂੰ ਅਹਮਦੀਅਤ ਨਾਲ ਜੋੜਦਾ ਹੈ ਤਾਂ ਉਹ ਨਿਜ਼ਾਮੇ ਜਮਾਅਤ ਨਾਲ ਸਦਾ ਮਜ਼ਬੂਤ ਰਿਸ਼ਤਾ ਕਾਇਮ ਰੱਖੇ ਅਤੇ ਖ਼ਿਲਾਫ਼ਤੇ ਅਹਮਦੀਆ ਪ੍ਰਤੀ ਵਫ਼ਾਦਾਰੀ ਅਤੇ ਆਗਿਆਕਾਰੀ ਦਾ ਸੰਬੰਧ ਰੱਖਣਾ ਉਸ ਉੱਤੇ ਫ਼ਰਜ਼ ਹੈ ਕਿਉਂਕਿ ਇਹੀ ਬੈਅਤ ਕਰਦੇ ਹੋਏ ਸੌਂਹ ਖਾਦੀ ਸੀ। ਰੱਬ ਦੀ ਕਿਰਪਾ ਹੈ ਕਿ ਨਵੇਂ ਸ਼ਾਮਿਲ ਹੋਣ ਵਾਲੇ, ਖ਼ਾਸ ਤੌਰ ਉੱਤੇ ਉਹ ਜਿਨ੍ਹਾਂ ਨੇ ਸੰਪੂਰਨ ਵਿਸ਼ਵਾਸ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਅਵੇ ਨੂੰ ਸਮਝ ਕੇ ਸਵੀਕਾਰ ਕੀਤਾ। ਉਹ ਆਪਣੇ ਬੈਅਤ ਦੇ ਵਚਨ ਅਤੇ ਉਸ ਦੀਆਂ ਸ਼ਰਤਾਂ ਉੱਤੇ ਵਿਚਾਰ ਕਰਦੇ ਰਹਿੰਦੇ ਹਨ। ਬਹੁਤ ਸਾਰੇ ਲੋਕ ਮੈਨੂੰ ਪੱਤਰ ਵੀ ਲਿੱਖਦੇ ਰਹਿੰਦੇ ਹਨ।"

(ਅਲ-ਫ਼ਜ਼ਲ ਇੰਟਰਨੈਸ਼ਨਲ 30 ਅਕਤੂਬਰ-5 ਨਵੰਬਰ 2015 ਪੰਨਾ 6)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

'' ਅੱਜ ਹਰ ਅਹਮਦੀ, ਜੋ ਦਾਅਵਾ ਕਰਦਾ ਹੈ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆ ਕੇ ਮੋਮਿਨਾਂ ਦੀ ਉਸ ਜਮਾਅਤ ਵਿੱਚ ਸ਼ਾਮਿਲ ਹੋ ਗਿਆ ਹਾਂ ਜਿਸ ਨਾਲ ਖ਼ਿਲਾਫ਼ਤ ਦਾ ਵਚਨ

ਹੈ, ਉਸ ਦਾ ਫ਼ਰਜ਼ ਬਣਦਾ ਹੈ ਕਿ ਉਹ ਰੱਬ ਦੇ ਹੁਕਮਾਂ ਅਨੁਸਾਰ ਸਦਾ ਆਪਣੀਆਂ ਹਾਲਤਾਂ ਵਿੱਚ ਪਾਕ ਤਬਦੀਲੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਰਹੇ। ਹਰ ਮਰਦ, ਹਰ ਔਰਤ, ਹਰ ਬੱਚਾ, ਹਰ ਨੌਜਵਾਨ ਇਹ ਸੋਚ ਪੈਦਾ ਕਰੇ ਕਿ ਰੱਬ ਨੇ ਸਾਨੂੰ ਖ਼ਿਲਾਫ਼ਤ ਨਾਲ ਸਨਮਾਨਿਤ ਕੀਤਾ ਹੈ। ਅਸੀਂ ਉਸ ਯੋਗ ਹੋਣ ਲਈ ਆਪਣੀ ਸੰਪੂਰਨ ਕੋਸ਼ਿਸ਼ ਕਰਨੀ ਹੈ। ਅਸੀਂ ਉਹਨਾਂ ਇਨਾਮਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ। ਜਿਨ੍ਹਾਂ ਦਾ ਰੱਬ ਨੇ ਮੋਮਿਨਾਂ ਨੂੰ ਵਚਨ ਦਿੱਤਾ ਹੈ, ਜਿਨ੍ਹਾਂ ਨੂੰ ਖ਼ਿਲਾਫ਼ਤ ਦਿੱਤੀ ਗਈ ਹੈ। ਅਸੀਂ ਉਹਨਾਂ ਨੇਕ ਕੰਮਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਹੈ, ਜਿਨ੍ਹਾਂ ਦਾ ਹੁਕਮ ਰੱਬ ਨੇ ਦਿੱਤਾ ਹੈ। ਯਾਦ ਰੱਖੋ ਜੇਕਰ ਅਸੀਂ ਅੱਜ ਆਪਣੀਆਂ ਹਾਲਤਾਂ ਨੂੰ ਬਦਲਣ ਵੱਲ੍ਹ ਧਿਆਨ ਨਹੀਂ ਦਿੱਤਾ ਅਤੇ ਉਸ ਉੱਤੇ ਦਰਿੜ੍ਹਤਾ ਨਾਲ ਕਾਯਮ ਰਹਿਣ ਵੱਲ੍ਹ ਧਿਆਨ ਨਹੀਂ ਦਿੱਤਾ ਤਾਂ ਅਸੀਂ ਹੱਟਦੇ ਹੱਟਦੇ ਇਨ੍ਹੇ ਦੂਰ ਨਿਕਲ ਜਾਂਵਾਗੇ ਕਿ ਜਿੱਥੋਂ ਵਾਪਸੀ ਨਹੀਂ ਹੋ ਸਕਦੀ ਅਤੇ ਨਤੀਜੇ ਵਜੋਂ ਅਸੀਂ ਉਨ੍ਹਾਂ ਇਨਾਮਾਂ ਦੇ ਹੱਕਦਾਰ ਵੀ ਨਹੀਂ ਹੋਵਾਂਗੇ। ਜੋ ਖ਼ਿਲਾਫ਼ਤ ਨਾਲ ਜੁੜ੍ਹੇ ਹਨ ਅਤੇ ਨ ਕੇਵਲ ਆਪਣੇ ਆਪ ਨੂੰ, ਸਗੋਂ ਆਪਣੀਆਂ ਪੀੜ੍ਹੀਆਂ ਨੂੰ ਵੀ ਉਨ੍ਹਾਂ ਨੈਅਮਤਾਂ ਅਤੇ ਬਰਕਤਾਂ ਤੋਂ ਵਾਂਝੇ ਕਰ ਰਹੇ ਹੋਵਾਂਗੇ। ਅੱਜ ਇਹ ਸਾਡਾ ਫਰਜ਼ ਹੈ ਅਤੇ ਅੱਜ ਅਸੀਂ ਇਸ ਜ਼ਿੰਮੇਦਾਰੀ ਨੂੰ ਨਿਭਾਉਣਾ ਹੈ। ਇਸ ਸਨਮਾਨ ਦੀ ਰੱਖਿਆ ਕਰਦੇ ਹੋਏ। ਇਸ ਦੀ ਮਹੱਤਤਾ ਨੂੰ ਆਪਣੀਆਂ ਪੀੜ੍ਹੀਆਂ ਵਿੱਚ ਵੀ ਕਾਯਮ ਕਰਨਾ ਹੈ ਆਪਣੀ ਪੀੜ੍ਹੀਆਂ ਤੋਂ ਖ਼ਿਲਾਫ਼ਤੇ ਅਹਮਦੀਆ ਦੀ ਰਾਖੀ ਲਈ ਜਾਨ, ਮਾਲ, ਸਮੇਂ ਅਤੇ ਆਪਣੇ ਆਪ ਦੀ ਕੁਰਬਾਨੀ ਦੇਣ ਦਾ ਅਹਦ ਕਰਨਾ ਹੈ ਤੇ ਸਦਾ ਕਰਦੇ ਰਹਿਣਾ ਹੈ ਅਤੇ ਆਪਣੀ ਪੀੜ੍ਹੀਆਂ ਵਿੱਚ ਆਪਣੀ ਕੌਮ ਅਤੇ ਸੰਸਾਰ ਵਿੱਚ ਇਸਲਾਮ ਅਤੇ ਅਹਮਦੀਅਤ ਦੇ ਸੰਦੇਸ਼ ਨੂੰ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿਣਾ ਹੈ।"

(ਅਲ-ਫ਼ਜ਼ਲ ਇੰਟਰਨੈਸ਼ਨਲ 24 ਮਈ-30 ਮਈ 2013 ਪੰਨਾ 8)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

'' ਤੁਹਾਡੇ ਵਿੱਚੋਂ ਹਰੇਕ ਦਾ ਫ਼ਰਜ਼ ਹੈ ਕਿ ਉਹ ਦੁਆਵਾਂ ਉੱਤੇ ਬਹੁਤ ਜ਼ੋਰ ਦੇਵੇ ਅਤੇ ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਜੋੜੇ ਰੱਖੇ ਅਤੇ ਇਸ ਨੁਕਤੇ ਨੂੰ ਸਦਾ ਯਾਦ ਰੱਖੋ ਕਿ ਸਾਰੀ ਤਰੱਕੀ ਅਤੇ ਸਫ਼ਲਤਾ ਦਾ ਰਾਜ਼ ਖ਼ਿਲਾਫ਼ਤ ਨਾਲ ਜੁੜੇ ਰਹਿਣ ਵਿੱਚ ਹੀ ਹੈ । ਉਹੀ ਵਿਅਕਤੀ ਸਿਲਸਿਲੇ ਦਾ ਉਪਯੋਗੀ ਬਣ ਸਕਦਾ ਹੈ । ਜੋ ਆਪਣੇ ਆਪ ਨੂੰ ਇਮਾਮ ਨਾਲ ਜੋੜਦਾ ਹੈ । ਜੇਕਰ ਕੋਈ ਆਪਣੇ ਆਪ ਨੂੰ ਇਮਾਮ ਨਾਲ ਨਹੀਂ ਜੋੜਦਾ । ਭਾਵੇਂ ਉਹ ਸੰਸਾਰ ਦੇ ਸਾਰੇ ਗਿਆਨ ਜਾਣਦਾ ਹੋਵੇ । ਉਸ ਦੀ ਕੋਈ ਵੀ ਮਹੱਤਤਾ ਨਹੀਂ । ਜੱਦ ਤੱਕ ਤੁਹਾਡੀ ਬੁੱਧੀ ਅਤੇ ਜੁਗਤਾਂ ਖ਼ਿਲਾਫ਼ਤ ਦੇ ਅਧੀਨ ਰਹਿਣਗੀਆਂ ਤੇ ਤੁਸੀਂ ਆਪਣੇ ਇਮਾਮ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹੋਗੇ । ਤੁਹਾਨੂੰ ਰੱਬ ਦੀ ਮਦਦ ਅਤੇ ਸਹਿਯੋਗ ਪ੍ਰਾਪਤ ਰਹੇਗਾ ।"

(ਅਲ-ਫ਼ਜ਼ਲ, 30 ਮਈ 2003 ਪੰਨਾ 2)

ਖ਼ਲੀਫ਼ਾ ਨਾਲ ਸਹਿਯੋਗ ਸੰਬੰਧੀ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਫ਼ਰਮਾਉਂਦੇ ਹਨ

'' ਇੱਕ ਖ਼ੁਤਬੇ ਵਿੱਚ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਇਸ ਸੰਬੰਧੀ ਜਮਾਅਤ ਦੇ ਮੁਬਲਿਗ਼ਾਂ ਅਤੇ ਵਿਦਵਾਨਾਂ ਨੂੰ ਇੱਕ ਬਹੁਤ ਮਹਤੱਵਪੂਰਨ ਸਲਾਹ ਦਿੱਤੀ । ਉਹਨਾਂ ਨੇ ਫ਼ਰਮਾਇਆ ਕਿ ਹਰ ਮੋਮਿਨ ਜੋ ਧਰਮ ਤੇ ਸਿਲਸਿਲੇ ਪ੍ਰਤੀ ਸੁਹਿਰਦ ਹੈ ਅਤੇ ਜੋ ਚਾਹੁੰਦਾ ਹੈ ਕਿ ਰੱਬ ਦਾ ਸਿਲਸਿਲਾ ਸੰਸਾਰ ਵਿੱਚ ਚੰਗੇ ਨਾਂ ਨਾਲ ਕਾਯਮ ਰਹੇ ਅਤੇ ਇਸਲਾਮ ਨੂੰ ਮੁੜ ਉਹੀ ਮਾਣ ਮਿਲੇ । ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਸਮੇਂ ਵਿੱਚ ਮਿਲਿਆ ਸੀ ਅਤੇ ਇਸ ਕੰਮ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਯਤਨ ਵਿਅਰਥ ਨ ਜਾਣ ਤਾਂ ਉਸ ਦਾ ਫਰਜ਼ ਹੈ ਕਿ ਉਹ ਇਸ ਕੰਮ ਵਿੱਚ ਦਿਨ ਰਾਤ ਖ਼ਲੀਫ਼ਾ ਨਾਲ ਸਹਿਯੋਗ ਕਰੇ ਕਿ ਜਮਾਅਤ ਮਾਨਸਿਕ ਤੌਰ ਉੱਤੇ ਵੀ ਸੁਧਰ ਜਾਵੇ । ਅਜਿਹੇ ਲੋਕਾਂ ਦਾ ਫਰਜ਼

ਹੈ ਕਿ ਜਿਵੇਂ ਵਿਆਹ ਦੇ ਮੌਕੇ ਉੱਤੇ ਲੋਕ ਆਪਣੀਆਂ ਝੋਲਿਆਂ ਵਿਛਾ ਦਿੰਦੇ ਹਨ (ਕਈ ਥਾਵਾਂ ਉੱਤੇ ਛਵਾਰੇ ਵੰਡਣ ਦਾ ਰਿਵਾਜ ਹੁੰਦਾ ਹੈ ਅਤੇ ਕਈ ਥਾਵਾਂ ਉੱਤੇ ਲੋਕ ਝੋਲਿਆਂ ਵਿਛਾ ਦਿੰਦੇ ਹਨ) ਤਾਂ ਜੋ ਝੋਲਿਆਂ ਵਿੱਚ ਛਵਾਰੇ ਡਿੱਗਣ। ਇੰਝ ਹੀ ਜੱਦ ਖ਼ਲੀਫ਼ਾ ਜਮਾਅਤ ਦੇ ਸੁਧਾਰ ਲਈ ਕੁੱਝ ਆਖਦਾ ਹੈ ਤਾਂ ਉਸ ਨੂੰ ਲੈਣਾ ਅਤੇ ਜਮਾਅਤ ਦੇ ਸਾਮ੍ਹਣੇ ਉਸ ਨੂੰ ਵਾਰ ਵਾਰ ਪੈਸ਼ ਕਰਨਾ ਤਾਂ ਜੋ ਕਮਜ਼ੋਰ ਦਿਮਾਗ ਦਾ ਵਿਅਕਤੀ ਵੀ ਸਮਝ ਜਾਵੇ ਅਤੇ ਧਰਮ ਉੱਤੇ ਸਹੀ ਢੰਗ ਨਾਲ ਤੁਰ ਸਕੇ।''

(ਖੁਤਬਾਤੇ ਮਹਿਮੂਦ, ਭਾਗ 18 ਪੰਨਾ 214-215)

(ਅਲ-ਫ਼ਜ਼ਲ ਇੰਟਰਨੈਸ਼ਨਲ 19 ਜੂਨ-25 ਜੂਨ 2015 ਪੰਨਾ 8)

" ਇਹ ਖ਼ਿਲਾਫ਼ਤ ਦੀ ਹੀ ਬਰਕਤ ਹੈ। ਜੋ ਜਮਾਅਤ ਦੀ ਜਾਨ ਹੈ। ਇਸ ਲਈ ਜੇਕਰ ਤੁਸੀਂ ਜ਼ਿੰਦਗੀ ਚਾਹੁੰਦੇ ਹੋ ਤਾਂ ਖ਼ਿਲਾਫ਼ਤੇ ਅਹਮਦੀਆ ਨਾਲ ਸ਼ਰਧਾ ਅਤੇ ਵਫ਼ਾ ਨਾਲ ਚਿੰਬੜੇ ਰਹੋ। ਸੰਪੂਰਨ ਤੌਰ ਉੱਤੇ ਵਚਨਬੱਧ ਹੋ ਜਾਓ ਕਿ ਤੁਹਾਡੀ ਹਰ ਤਰੱਕੀ ਦਾ ਰਾਜ਼ ਖ਼ਿਲਾਫ਼ਤ ਪ੍ਰਤੀ ਵਚਨਬੱਧਤਾ ਵਿੱਚ ਹੀ ਲੁਕਵਾਂ ਹੈ। ਅਜਿਹੇ ਬਣੋ ਕਿ ਖ਼ਲੀਫ਼ਾ ਦੀ ਖੁਸ਼ੀ ਤੁਹਾਡੀ ਖੁਸ਼ੀ ਬਣ ਜਾਵੇ। ਖ਼ਲੀਫਾ ਦੇ ਕਦਮਾਂ ਉੱਤੇ ਤੁਹਾਡੇ ਕਦਮ ਅਤੇ ਖ਼ਲੀਫਾ ਦੀਆਂ ਖੁਸ਼ੀਆਂ ਤੁਹਾਡੀ ਨਜ਼ਰ ਵਿੱਚ ਹੋਣ।" (ਮਾਸਿਕ ਪਤ੍ਰਿਕਾ ਖਾਲਿਦ, ਸੱਯਦਨਾ ਤਾਹਿਰ ਨੰਬਰ, ਮਾਰਚ-ਅਪ੍ਰੈਲ 2004 ਪੰਨਾ 4)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

'' ਹਰ ਅਹਮਦੀ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ...ਖ਼ਿਲਾਫ਼ਤ ਦੀ ਸਥਿਰਤਾ ਲਈ ਅਰਦਾਸ ਕਰਨ ਤਾਂ ਜੋ ਖ਼ਿਲਾਫ਼ਤ ਦੀਆਂ ਬਰਕਤਾਂ ਤੁਹਾਡੇ ਅੰਦਰ ਸਦਾ ਕਾਇਮ ਰਹਿਣ। ਆਪਣੇ ਅੰਦਰ ਖਾਸ ਤਬਦੀਲੀਆਂ ਪੈਦਾ ਕਰੋ। ਵਿਸ਼ਵਾਸ ਤੇ ਸ਼ਰਧਾ ਵਿੱਚ ਪਹਿਲਾਂ ਨਾਲੋਂ ਵੱਧ ਤਰੱਕੀ ਕਰੋ ਹੁਣ ਹਕੀਕੀ ਅਹਮਦੀ ਉਹੀ ਹੈ। ਜੋ ਚੰਗੇ ਕਰਮ ਕਰਦਾ ਹੈ ਅਤੇ ਖ਼ਿਲਾਫ਼ਤ ਨਾਲ ਚਿੰਬੜਾ ਰਹਿੰਦਾ ਹੈ। (ਖ਼ੁਤਬਾ ਜੁਮਆ 27 ਮਈ 2005)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਇਸਲਾਮ ਅਹਮਦੀਅਤ ਦੀ ਮਜ਼ਬੂਤੀ ਅਤੇ ਨਿਜ਼ਾਮੇ ਖ਼ਿਲਾਫ਼ਤ ਲਈ ਅੰਤ ਤੱਕ ਯਤਨ ਕਰਨਾ ਹੈ ਅਤੇ ਇਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਪੈਸ਼ ਕਰਨ ਲਈ ਸਦਾ ਤਿਆਰ ਰਹਿਣਾ ਹੈ ਅਤੇ ਆਪਣੇ ਬੱਚਿਆਂ ਨੂੰ ਖ਼ਿਲਾਫ਼ਤੇ ਅਹਮਦੀਆ ਨਾਲ ਜੁੜੇ ਰਹਿਣ ਦਾ ਆਦੇਸ਼ ਦਿੰਦੇ ਰਹਿਣਾ ਚਾਹੀਦਾ ਹੈ ਅਤੇ ਉਹਨਾਂ ਦੇ ਦਿਲਾਂ ਵਿੱਚ ਖ਼ਿਲਾਫ਼ਤ ਲਈ ਪਿਆਰ ਪੈਦਾ ਕਰਨਾ ਚਾਹੀਦਾ ਹੈ। ਇਹ ਇੰਨ੍ਹਾ ਵੱਡਾ ਅਤੇ ਮਹਾਨ ਉਦੇਸ਼ ਹੈ ਕਿ ਇਸ ਵਚਨ ਨੂੰ ਪੂਰਾ ਕਰਨਾ ਅਤੇ ਉਸ ਦੀਆਂ ਮੰਗਾਂ ਨੂੰ ਨਿਭਾਉਣਾ । ਇੱਕ ਦ੍ਰਿੜਤਾ ਅਤੇ ਦਿਵਾਨਗੀ ਨੂੰ ਚਾਹੁੰਦਾ ਹੈ।"

(ਮਾਸਿਕ ਪਤ੍ਰਿਕਾ ਅੰਨਾਸਿਰ ਜਰਮਨੀ ਜੂਨ-ਸਤੰਬਰ 2003 ਪੰਨਾ 1)

ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ ਅੱਯਾਦਹੁੱਲਾਹ ਤਆਲਾ ਬੇਨਸਰੇਹਿਲ ਅਜ਼ੀਜ਼ ਇੱਕ ਹੋਰ ਥਾਂ ਫ਼ਰਮਾਉਂਦੇ ਹਨ :

" ਯਾਦ ਰੱਖੋ ਉਹ ਸੱਚੇ ਵਚਨਾਂ ਵਾਲਾ ਰੱਬ ਹੈ। ਉਹ ਅਜੇ ਵੀ ਆਪਣੇ ਪਿਆਰੇ ਮਸੀਹ ਦੀ ਇਸ ਪਿਆਰੀ ਜਮਾਅਤ ਉੱਤੇ ਹੱਥ ਰੱਖੇ ਹੋਏ ਹੈ। ਉਹ ਸਾਨੂੰ ਕਦੇ ਨਹੀਂ ਛੱਡੇਗਾ ਅਤੇ ਕਦੇ ਨਹੀਂ ਛੱਡੇਗਾ ਅਤੇ ਕਦੇ ਨਹੀਂ ਛੱਡੇਗਾ। ਉਹ ਅੱਜ ਵੀ ਆਪਣੇ ਮਸੀਹ ਨਾਲ ਕੀਤੇ ਵਚਨਾਂ ਨੂੰ ਪੂਰਾ ਕਰ ਰਿਹਾ ਹੈ। ਜਿਵੇਂ ਕਿ ਉਹ ਪਹਿਲਾਂ ਕਰਦਾ ਰਿਹਾ ਹੈ। ਉਹ ਅੱਜ ਵੀ ਉਸੇ ਪ੍ਰਕਾਰ ਹੀ ਅਸੀਸਾਂ ਅਤੇ ਮਿਹਰਾਂ ਬਖ਼ਸ਼ ਰਿਹਾ ਹੈ। ਜਿਵੇਂ ਪਹਿਲਾਂ ਬਖ਼ਸ਼ ਰਿਹਾ ਸੀ ਅਤੇ ਬਖ਼ਸ਼ਦਾ ਰਹੇਗਾ। ਸੋ, ਉਸ ਅੱਗੇ ਅਰਦਾਸ ਕਰਦੇ ਹੋਏ, ਮੱਥਾ ਟੇਕਦੇ ਹੋਏ ਅਤੇ ਉਸ ਦੀ ਕਿਰਪਾ ਦੀ ਮੰਗ ਕਰਦੇ ਹੋਏ ਸਦਾ ਉਸ ਅੱਗੇ ਪਏ ਰਹੋ ਅਤੇ ਇਸ ਮਜ਼ਬੂਤ ਕੜ੍ਹੇ ਨੂੰ ਹੱਥ ਪਾਈ ਰੱਖੋ ਤਾਂ ਕੋਈ ਵੀ ਤੁਹਾਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਰੱਬ ਸਭ ਨੂੰ ਇਸ ਦੀ ਸ਼ਕਤੀ ਬਖ਼ਸ਼ੇ।"

(ਕਥਨ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਖ਼ਾਮਿਸ, 21 ਮਈ 2004)

ਅਸਲ ਵਿੱਚ ਇੱਕ ਹਕੀਕੀ ਅਹਮਦੀ ਦੀ ਮੁਡੱਲੀ ਜ਼ਿੰਮੇਦਾਰੀ ਇਹ ਹੈ ਕਿ ਖ਼ਲੀਫ਼ਾ ਦੇ ਹਰ ਹੁਕਮ ਨੂੰ ਧਿਆਨ ਨਾਲ ਸੁਣੇ ਕਿਉਂਕਿ ਇਹ ਆਵਾਜ਼ ਇੱਕ ਸੱਚੇ ਮੋਮਿਨ ਨੂੰ ਬਦਲ ਦਿੰਦੀ ਹੈ। ਉਸ ਵਿੱਚ ਰੱਬ ਦੀ ਮਦਦ ਅਤੇ ਉਸ ਦੀਆਂ ਬਰਕਤਾਂ ਸ਼ਾਮਿਲ ਹੁੰਦੀਆਂ ਹਨ। ਸੋ, ਖ਼ਲੀਫ਼ਾ ਰੱਬ ਦੀ ਖਾਸ ਆਗਿਆ ਨਾਲ ਬੋਲਦਾ ਹੈ। ਉਸ ਦੀ ਜ਼ੁਬਾਨ ਉੱਤੇ ਗਿਆਨ ਜਾਰੀ ਹੁੰਦਾ ਹੈ। ਜਿਨ੍ਹਾਂ ਤੋਂ ਸੰਸਾਰ ਵਾਂਝਾ ਹੁੰਦਾ ਹੈ ਅਤੇ ਲੱਭਣ ਨਾਲ ਵੀ ਨਹੀਂ ਮਿਲ ਸਕਦਾ। ਉਹ ਮੋਮਿਨਾਂ ਨੂੰ ਲੋੜ੍ਹ ਅਨੁਸਾਰ ਅਤੇ ਰੱਬ ਦੀ ਇੱਛਾ ਅਨੁਸਾਰ ਕੰਮ ਕਰਨ ਦਾ ਸੱਦਾ ਦਿੰਦਾ ਹੈ ਅਤੇ ਇੰਝ ਕੇਵਲ ਇੱਕ ਖ਼ਲੀਫ਼ਾ ਹੀ ਉਹ ਖਾਕਾ ਤਿਆਰ ਕਰ ਸਕਦਾ ਹੈ। ਜਿਸ ਵਿੱਚ ਫ਼ਿਰ ਯੋਗਤਾ ਅਨੁਸਾਰ ਪਾਲਣਾ ਕੀਤੀ ਜਾ ਸਕਦੀ ਹੈ। ਖ਼ਲੀਫ਼ਾ ਦੇ ਮਾਰਗ ਦਰਸ਼ਨ ਸਦਕੇ ਹੀ ਸਰਬ ਪੱਖੀ ਵਿਕਾਸ ਦੇ ਮਾਰਗ ਸਹੀ ਢੰਗ ਨਾਲ ਨਿਰਧਾਰਤ ਕੀਤੇ ਜਾ ਸਕਦੇ ਹਨ। ਸੋ, ਹਰ ਅਹਮਦੀ ਮਰਦ ਅਤੇ ਔਰਤ ਦਾ ਇਹ ਫਰਜ਼ ਹੈ ਕਿ ਉਹ ਖ਼ਲੀਫ਼ਾ ਦੇ ਗਿਆਨ ਭਰਪੂਰ ਖੁਤਬਾਤ, ਸੰਬੋਧਨਾਂ, ਕਲਾਸਾਂ ਅਤੇ ਸੰਦੇਸ਼ਾਂ ਨੂੰ ਨਿਯੱਮਤ ਅਤੇ ਧਿਆਨ ਨਾਲ ਸੁਣਨ, ਬੱਚਿਆਂ ਨੂੰ ਸੁਣਾਉਣ, ਆਪਣੇ ਪਰਿਵਾਰਾਂ ਨੂੰ ਸੁਣਾਉਣ ਅਤੇ ਹੋਰ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਸੁਣਨ ਲਈ ਪ੍ਰੇਰਿਤ ਕਰਨ। ਇਸੇ ਤੋਂ ਪਤਾ ਲਗੱਦਾ ਹੈ ਕਿ ਖ਼ਲੀਫ਼ਾ ਕੀ ਕਹਿ ਰਿਹਾ ਹੈ। ਉਹ ਸਾਡੇ ਤੋਂ ਕੀ ਚਾਹੁੰਦਾ ਹੈ। ਉਹ ਸਾਡੇ ਤੋਂ ਕੀ ਉਮੀਦ ਰੱਖਦਾ ਹੈ। ਜੋ ਇਨ੍ਹਾਂ ਹੁਕਮਾਂ ਅਤੇ ਹਦਾਇਤਾਂ ਨੂੰ ਧਿਆਨ ਨਾਲ ਨਹੀਂ ਸੁਣਦਾ ਤਾਂ ਉਹ ਆਗਿਆਕਾਰੀ ਦੇ ਸੁਭਾਗ ਤੋਂ ਸੰਪੂਰਨ ਤੌਰ ਉੱਤੇ ਵਾਂਝਾ ਰਹਿ ਜਾਂਦਾ ਹੈ। ਜੋ ਦੋਵੇਂ ਸੰਸਾਰਾਂ ਵਿੱਚ ਨ ਪੂਰਾ ਹੋਣ ਵਾਲਾ ਨੁਕਸਾਨ ਬਣਦਾ ਹੈ।

ਇੱਕ ਸੱਚੇ ਮੋਮਿਨ ਦੀ ਮਹਿਮਾ ਤਾਂ ਕੇਵਲ ਖ਼ਿਲਾਫ਼ਤ ਦੀ ਆਗਿਆਕਾਰੀ ਹੈ। ਉਸ ਦਾ ਸਭ ਕੁੱਝ ਖ਼ਿਲਾਫ਼ਤ ਪ੍ਰਤੀ ਵਫ਼ਾਦਾਰੀ ਅਤੇ ਵਚਨਬੱਧਤਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

" ਰੱਬ ਦਾ ਹੱਥ ਜਮਾਅਤ ਉੱਤੇ ਹੁੰਦਾ ਹੈ। ਉਸ ਵਿੱਚ ਇਹੀ ਤਾਂ ਰਾਜ਼ ਹੈ ਕਿ ਰੱਬ ਈਸ਼ਵਰਵਾਦ ਨੂੰ ਪਸੰਦ ਕਰਦਾ ਹੈ ਅਤੇ ਇਹ ਏਕਤਾ ਉਦੋਂ ਤੱਕ ਕਾਯਮ ਨਹੀਂ ਹੋ ਸਕਦੀ। ਜੱਦ ਤੱਕ ਆਗਿਆਕਾਰੀ ਨ ਕੀਤੀ ਜਾਵੇ। ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੇ ਸਮੇਂ ਸਹਾਬੀ ਵੱਡੇ ਵੱਡੇ ਗਿਆਨੀ ਸਨ। ਰੱਬ ਨੇ ਉਹਨਾਂ ਨੂੰ ਇੰਞ ਹੀ ਬਣਾਇਆ ਸੀ। ਉਹ ਰਾਜਨੀਤੀ ਦੇ ਸਿਧਾਂਤਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ। ਕਿਉਂਕਿ ਜੱਦ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ, ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਅਤੇ ਹੋਰ ਸਹਾਬੀ ਖ਼ਲੀਫ਼ਾ ਬਣੇ ਅਤੇ ਰਾਜ ਉਹਨਾਂ ਕੋਲ ਆਇਆ ਤਾਂ ਉਹਨਾਂ ਨੇ ਜਿਸ ਸੁਚਾਰੂ ਢੰਗ ਅਤੇ ਪ੍ਰਬੰਧ ਨਾਲ ਰਾਜ ਪ੍ਰਬੰਧ ਕੀਤਾ ਸੀ। ਇਸ ਨਾਲ ਸਪਸ਼ੱਟ ਪਤਾ ਲੱਗਦਾ ਹੈ ਕਿ ਉਹ ਕਿੰਨ੍ਹੇ ਵਿਧਵਾਨ ਸਨ ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਦੀ ਹਜ਼ੂਰੀ ਵਿੱਚ ਉਹਨਾਂ ਦਾ ਇਹ ਹਾਲ ਸੀ ਕਿ ਜਿੱਥੇ ਆਪ ਸੱਲਲਾਹੁ ਅਲੈਹਿ ਵਸਲੱਮ ਨੇ ਕੁੱਝ ਫ਼ਰਮਾਇਆ। ਆਪਣੇ ਸਾਰੇ ਵਿਚਾਰਾਂ ਅਤੇ ਅਕਲਾਂ ਨੂੰ ਉਸ ਦੇ ਸਾਮ੍ਹਣੇ ਤੁੱਛ ਸਮਝਿਆ ਤੇ ਜੋ ਕੁੱਝ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ। ਉਸੇ ਨੂੰ ਜ਼ਰੂਰੀ ਕਰਾਰ ਦਿੱਤਾ। ਨ-ਸਮਝ ਵਿਰੋਧੀਆਂ ਨੇ ਕਿਹਾ ਹੈ ਕਿ ਇਸਲਾਮ ਤਲਵਾਰ ਦੇ ਜ਼ੋਰ ਨਾਲ ਫੈਲਿਆ ਸੀ। ਪਰ ਮੈਂ ਕਹਿੰਦਾ ਹਾਂ ਕਿ ਇਹ ਸੱਚ ਨਹੀਂ ਹੈ। ਅਸਲ ਗੱਲ ਇਹ ਹੈ ਕਿ ਦਿਲ੍ਹ ਦੀਆਂ ਨਾੜਾਂ ਆਗਿਆਕਾਰੀ ਦੇ ਪਾਣੀ ਨਾਲ ਭਰ ਕੇ ਵੱਗ ਗਈਆਂ ਸਨ ਇਹ ਉਸ ਆਗਿਆਕਾਰੀ ਅਤੇ ਏਕਤਾ ਦਾ ਨਤੀਜਾ ਸੀ ਕਿ ਉਨ੍ਹਾਂ ਨੇ ਦੂਜੇ ਦਿਲ੍ਹਾਂ ਨੂੰ ਜਿੱਤ ਲਿਆ। ਤੁਸੀਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਅਖਵਾ ਕੇ ਸਹਾਬੀਆਂ ਦੀ ਜਮਾਤ ਨੂੰ ਮਿਲਣ ਦੀ ਇੱਛਾ ਰੱਖਦੇ ਹੋ। ਆਪਣੇ ਅੰਦਰ ਸਹਾਬੀਆਂ ਦਾ ਰੰਗ ਪੈਦਾ ਕਰੋ। ਆਗਿਆਕਾਰ ਹੋਵੇ ਤਾਂ ਉਹਨਾਂ ਵਰਗਾ ਹੋਵੇ। ਆਪਸੀ ਪਿਆਰ ਅਤੇ ਭਾਈਚਾਰਾ ਹੋਵੇ ਤਾਂ ਉਹਨਾਂ ਵਰਗਾ ਹੋਵੇ। ਅਰਥਾਤ ਹਰ ਰੰਗ ਵਿੱਚ ਹਰ ਹਾਲਤ ਵਿੱਚ ਤੁਸੀਂ ਉਹੀ ਸਰੂਪ ਧਾਰਨ ਕਰੋ, ਜੋ ਸਹਾਬੀਆਂ ਦਾ ਸੀ।"

(ਤਫ਼ਸੀਰ ਸੂਰਾਤੁਨ ਨਿਸਾ 04/60)

(ਤਫਸੀਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਭਾਗ 2, ਪੰਨਾ 246-248)

ਸੋ, ਰੱਬ ਸਾਨੂੰ ਸ਼ਕਤੀ ਬਖ਼ਸ਼ੇ ਕਿ ਅਸੀਂ ਖ਼ਿਲਾਫ਼ਤ ਦੀ ਕਦਰ ਕਰਨ ਵਾਲੇ ਬਣਿਏ ਅਤੇ ਅਸੀਂ ਆਪਣੇ ਵਚਨ ਨੂੰ ਪੂਰਾ ਕਰ ਸਕਿਏ ਅਤੇ ਆਪਣੇ ਜੀਵਨ ਦੇ ਅੰਤਿਮ ਸਾਹ ਤੱਕ ਵਫ਼ਾਦਾਰੀ ਨਾਲ ਖ਼ਿਲਾਫ਼ਤ ਨਾਲ ਚਿਮੜ੍ਹੇ ਰਹੀਏ ਤਾਂ ਕਿ ਇਹ ਬਰਕਤਾਂ ਅਤੇ ਨੈਅਮਤਾਂ ਪੀੜ੍ਹੀ ਦਰ ਪੀੜ੍ਹੀ ਸਾਨੂੰ ਮਿਲਦੀਆਂ ਰਹਿਣ। ਰੱਬ ਸਾਨੂੰ ਸਾਰੀਆਂ ਨੂੰ ਨ ਕੇਵਲ ਖ਼ਿਲਾਫ਼ਤ ਦੀਆਂ ਗੱਲਾਂ ਸੁਣਨ ਦੀ, ਸਗੋਂ ਅਮਲ ਕਰਨ ਦੀ ਵੀ ਤੌਫ਼ੀਕ ਬਖ਼ਸ਼ੇ। ਰੱਬ ਕਰੇ ਕਿ ਰੱਬ ਦੀ ਇੱਛਾ ਅਨੁਸਾਰ ਅਸੀਂ ਖ਼ਿਲਾਫ਼ਤ ਦੇ ਇਨਾਮ ਨੂੰ ਸਾਂਭਣ ਵਾਲੇ ਹੋਈਏ। ਆਮੀਨ

## ਖ਼ਿਲਾਫ਼ਤ ਦਾ ਫ਼ੈਜ਼ਾਨ

ਖ਼ੁਦਾ ਕਾ ਯਹ ਇਹਸਾਨ ਹੈ ਹਮ ਪੇ ਭਾਰੀ
ਕਿ ਜਿਸ ਨੇ ਹੈ ਅਪਨੀ ਯਹ ਨੈਅਮਤ ਉਤਾਰੀ
ਨ ਮਾਯੂਸ ਹੋਨਾ, ਘੁਟਨ ਨ ਹੋ ਤਾਰੀ
ਰਹੇਗਾ ਖ਼ਿਲਾਫ਼ਤ ਕਾ ਫ਼ੈਜ਼ਾਨ ਜਾਰੀ
ਨਬੁਵੱਤ ਕੇ ਹਾਥੋਂ ਜੋ ਪੌਦਾ ਲਗਾ ਹੈ
ਖ਼ਿਲਾਫ਼ਤ ਕੇ ਸਾਏ ਮੈਂ ਫ਼ੂਲ੍ਹਾ ਫ਼ਲ੍ਹਾ ਹੈ
ਯਹ ਕਰਤੀ ਹੈ ਇਸ ਬਾਗ਼ ਕੀ ਆਬਯਾਰੀ
ਰਹੇਗਾ ਖ਼ਿਲਾਫ਼ਤ ਕਾ ਫ਼ੈਜ਼ਾਨ ਜਾਰੀ
ਖ਼ਿਲਾਫ਼ਤ ਸੇ ਕੋਈ ਭੀ ਟਕੱਰ ਜੋ ਲੇਗਾ
ਵੋ ਜ਼ਿਲੱਤ ਕੀ ਗਹਰਾਈ ਮੈਂ ਜਾ ਗਿਰੇਗਾ
ਖ਼ੁਦਾ ਕੀ ਯਹ ਸੁਨੱਤ ਅਜ਼ੱਲ ਸੇ ਹੈ ਜਾਰੀ
ਰਹੇਗਾ ਖ਼ਿਲਾਫ਼ਤ ਕਾ ਫ਼ੈਜ਼ਾਨ ਜਾਰੀ
ਖ਼ੁਦਾ ਕਾ ਹੈ ਵਾਅਦਾ ਖ਼ਿਲਾਫ਼ਤ ਰਹੇਗੀ
ਯਹ ਨੈਅਮਤ ਤੁਮਹੈਂ ਤਾ ਕਯਾਮਤ ਮਿਲੇਗੀ
ਮਗਰ ਸ਼ਰਤ ਉਸ ਕੀ ਇਤਾਅਤ ਗੁਜ਼ਾਰੀ

ਮੁਹੱਬਤ ਕੇ ਜਜ਼ਬੇ, ਵਫ਼ਾ ਕਾ ਕਰੀਨਾ
ਅਖੁਵੱਤ ਕੀ ਨੈਅਮਤ, ਤਰੱਕੀ ਕਾ ਜ਼ੀਨਾ
ਖ਼ਿਲਾਫ਼ਤ ਸੇ ਹੀ ਬਰਕਤੈਂ ਹੈਂ ਯਹ ਸਾਰੀ
ਰਹੇਗਾ ਖ਼ਿਲਾਫ਼ਤ ਕਾ ਫ਼ੈਜ਼ਾਨ ਜਾਰੀ
ਇਲਾਹੀ ਹਮੈਂ ਤੂੰ ਫ਼ਿਰਾਸਤ ਅਤਾ ਕਰ
ਖ਼ਿਲਾਫ਼ਤ ਸੇ ਗਹਰੀ ਮੁਹੱਬਤ ਅਤਾ ਕਰ
ਹਮੈਂ ਦੁੱਖ ਨ ਦੇ ਕੋਈ ਲਗ਼ਜ਼ਸ਼ ਹਮਾਰੀ
ਰਹੇਗਾ ਖ਼ਿਲਾਫ਼ਤ ਕਾ ਫ਼ੈਜ਼ਾਨ ਜਾਰੀ[1]

(ਰਚਨਾ ਸਵਰਗਵਾਸੀ ਸ਼੍ਰੀਮਤੀ ਸਾਹਿਬਜ਼ਾਦੀ ਅਮਤੁੱਲ ਕੁੱਦੂਸ ਬੈਗ਼ਮ ਸਾਹਿਬਾ)

[1] **ਅਰਥਾਤ** : ਰੱਬ ਦੀ ਸਾਡੇ ਉੱਤੇ ਬਹੁਤ ਵੱਡੀ ਬਖ਼ਸ਼ਿਸ਼ ਅਤੇ ਮਿਹਰ ਹੈ ਕਿ ਜਿਸ ਨੇ ਆਪਣੀ ਇਹ ਨੈਅਮਤ ਸਾਡੇ ਉੱਤੇ ਉਤਾਰੀ ਹੈ। ਤੁਸੀਂ ਨਿਰਾਸ਼ ਨ ਹੋਣਾ, ਨ ਤੁਹਾਡਾ ਦਮ ਘੁੱਟੇ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ। ਜੋ ਬੂਟਾ ਨਬੀ ਦੇ ਹੱਥੀਂ ਲਾਇਆ ਗਿਆ ਹੈ, ਉਹ ਖਿਲਾਫ਼ਤ ਦੇ ਸਾਏ ਵਿੱਚ ਵਧਾ ਹੈ। ਇਹ (ਅਰਥਾਤ ਖ਼ਿਲਾਫ਼ਤ) ਉਸ ਬਾਗ਼ ਦੀ ਨਿਗਰਾਨੀ ਕਰਦੀ ਹੈ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ। ਜੋ ਕੋਈ ਵੀ ਖ਼ਿਲਾਫ਼ਤ ਨਾਲ ਟੱਕਰ ਲਏਗਾ, ਉਹ ਬੇਇੱਜ਼ਤੀ ਦੀ ਡੂੰਘਾਈ ਵਿੱਚ ਡਿੱਗੇਗਾ। ਰੱਬ ਦੀ ਇਹ ਸੁਨੰਤ ਸਦੀਵੀਂ ਹੈ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ। ਰੱਬ ਦਾ ਵਚਨ ਹੈ ਕਿ ਖ਼ਿਲਾਫ਼ਤ ਕਾਇਮ ਰਹੇਗੀ, ਇਹ ਬਖ਼ਸ਼ਿਸ਼ ਤੁਹਾਨੂੰ ਸਦੀਵੀਂ ਪ੍ਰਾਪਤ ਹੋਵੇਗੀ। ਪਰ ਉਸ ਦੀ ਆਗਿਆਕਾਰੀ ਸ਼ਰਤ ਹੈ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ। ਪਿਆਰ ਦੀ ਭਾਵਨਾ, ਵਫ਼ਾਦਾਰੀ ਦਾ ਬੰਧਨ, ਭਾਈਚਾਰਕ ਸਾਂਝ, ਤਰੱਕੀ ਦੀ ਪੌੜੀ ਖ਼ਿਲਾਫ਼ਤ ਨਾਲ ਹੀ ਇਹ ਸਾਰੀਆਂ ਬਰਕਤਾਂ ਹਨ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ। ਰੱਬਾ ! ਤੂੰ ਸਾਨੂੰ ਰੱਬੀ ਗਿਆਨ ਬਖ਼ਸ਼, ਸਾਨੂੰ ਖ਼ਿਲਾਫ਼ਤ ਲਈ ਡੂੰਘਾ ਪਿਆਰ ਬਖ਼ਸ਼। ਸਾਨੂੰ ਸਾਡੀ ਕੋਈ ਗ਼ਲਤੀ ਦੁੱਖ ਨ ਦੇਵੇ, ਖ਼ਿਲਾਫ਼ਤ ਦਾ ਫ਼ੈਜ਼ਾਨ ਜਾਰੀ ਰਹਿਣਾ ਹੈ।